ਮੈਗਜ਼ੀਨ ਬਾੜੀ

ਸੰਪਾਦਕ-ਰਸ਼ਪਿੰਦਰ ਕੌਰ ਗਿੱਲ

ਅਕਤੂਬਰ 2025/ ਅੰਕ-8

ਮੁੱਲ-50 Rs.

ਮੈਗਜ਼ੀਨ
ਬਾਗ਼ੀ
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
ਅਕਤੂਬਰ 2025
ਅੰਕ-8
ਸੰਪਾਦਕ
ਰਸ਼ਪਿੰਦਰ ਕੌਰ ਗਿੱਲ

ਬਰਾਬਰਤਾ ਦੇ ਹੱਕ ਦਾ ਉਲੰਘਣ ਕਰਕੇ ਸਿੱਖਾਂ ਉੱਤੇ ਪਾਬੰਦੀਆਂ ਲਗਾਉਣਾ ਤਾਂ ਵੱਡਾ ਵਿਤਕਰਾ ਅਤੇ ਜ਼ਬਰ ਹੈ: ਮਾਨ

ਫ਼ਤਹਿਗੜ੍ਹ ਸਾਹਿਬ, 03 ਅਕਤੂਬਰ 2025 "ਜਦੋਂ ਇੰਡੀਆ ਦੇ ਵਿਧਾਨ ਦੀ ਧਾਰਾ 14 ਇੱਥੋਂ ਦੇ ਸਭ ਨਾਗਰਿਕਾਂ, ਕੌਮਾਂ, ਧਰਮਾਂ, ਫਿਰਕਿਆਂ, ਕਬੀਲਿਆਂ ਨੂੰ ਬਰਾਬਰਤਾ ਦੇ ਹੱਕ ਪ੍ਰਦਾਨ ਕਰਦੀ ਹੈ। ਫਿਰ ਸਿੱਖਾਂ ਵੱਲੋਂ ਆਪਣੇ ਪਾਕਿਸਤਾਨ ਵਿੱਚ ਸਥਿਤ ਗੁਰਧਾਮਾਂ ਦੀਆਂ ਯਾਤਰਾਵਾਂ ਉੱਤੇ ਮੁਤੱਸਵੀ ਹੁਕਮਰਾਨਾਂ ਵੱਲੋਂ ਪਾਬੰਦੀਆਂ ਲਗਾਉਣਾ ਤਾਂ ਜਿੱਥੇ ਇੰਡੀਅਨ ਵਿਧਾਨ ਦੀ ਉਲੰਘਣਾ ਹੈ, ਉੱਥੇ ਘੱਟ ਗਿਣਤੀ ਸਿੱਖ ਕੌਮ ਨਾਲ ਵੱਡਾ ਵਿਤਕਰਾ ਅਤੇ ਅਸਹਿ ਜ਼ਬਰ ਹੈ। ਪਾਬੰਦੀ ਲਗਾਉਣ ਦਾ ਬਹਾਨਾ ਹੁਕਮਰਾਨ ਪਾਕਿਸਤਾਨ ਦੇ ਧਾਰਮਿਕ ਸਥਾਨਾਂ ਵਿੱਚ ਗੜਬੜੀ ਹੋਣ ਨੂੰ ਬਣਾ ਰਹੇ ਹਨ। ਸਿੱਖ ਆਪਣੇ ਹੀ ਧਾਰਮਿਕ ਸਥਾਨਾਂ ਵਿੱਚ ਅਜਿਹਾ ਕਿਵੇਂ ਕਰ ਸਕਦੇ ਹਨ? ਜਿਸਦੀ ਜਿੰਨੀ ਵੀ ਨਿਖੇਧੀ ਕੀਤੀ ਜਾਵੇ ਉਹ ਥੋੜ੍ਹੀ ਹੈ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਇੰਡੀਆ ਦੀ ਮੋਦੀ ਹਕੂਮਤ ਵੱਲੋਂ ਮੰਦਭਾਵਨਾ ਅਧੀਨ ਸਿੱਖਾਂ ਦੀਆਂ ਪਾਕਿਸਤਾਨ ਵਿੱਚ ਯਾਤਰਾਵਾਂ ਉੱਤੇ ਲਗਾਈਆਂ ਗਈਆਂ ਪਾਬੰਦੀਆਂ ਅਤੇ ਕਰਤਾਰਪੁਰ ਕੋਰੀਡੋਰ ਉੱਤੇ ਲਗਾਈਆਂ ਪਾਬੰਦੀਆਂ ਨੂੰ ਵਿਧਾਨ ਵਿਰੋਧੀ ਅਤੇ ਸਿੱਖਾਂ ਦੇ ਵਿਧਾਨਿਕ ਹੱਕਾਂ ਉੱਤੇ ਡਾਕਾ ਮਾਰਨ ਕਰਾਰ ਦਿੰਦੇ ਹੋਏ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਜਦੋਂ ਮੁਲਕ ਦੀ ਵੰਡ 1947 ਤੋ ਪਹਿਲੇ ਜੇਕਰ ਸਿੱਖ ਲੀਡਰ ਚਤੁਰ ਅਤੇ ਬੁੱਧੀਮਾਨ ਹੁੰਦੇ ਤਾਂ ਜੋ ਗਾਂਧੀ ਤੇ ਹੋਰ ਹਿੰਦੂ ਆਗੂਆਂ ਨੇ ਸਿੱਖ ਕੌਮ ਨਾਲ ਇਹ ਵਾਅਦਾ ਕੀਤਾ ਸੀ ਕਿ ਉੱਤਰੀ ਭਾਰਤ ਵਿੱਚ ਸਿੱਖਾਂ ਨੂੰ ਇੱਕ ਆਜਾਦ ਖਿੱਤਾ ਦਿੱਤਾ ਜਾਵੇਗਾ। ਜਿੱਥੇ ਸਿੱਖ ਆਪਣੀ ਆਜਾਦੀ ਦਾ ਪੂਰਨ ਰੂਪ ਵਿੱਚ ਨਿੱਘ ਮਾਣ ਸਕਣਗੇ। ਜੇਕਰ ਉਨ੍ਹਾਂ ਨੂੰ ਇਹ ਪਤਾ ਹੁੰਦਾ ਕਿ ਹਿੰਦੂ ਆਗੂਆਂ ਨੇ ਸਾਡੇ ਨਾਲ ਧੋਖਾ ਕਰਨਾ ਹੈ ਤਾਂ ਅਸੀਂ ਕਦੀ ਵੀ ਇੰਡੀਆ ਨਾਲ ਨਾ ਆਉਂਦੇ ਤੇ ਉੱਥੇ ਹੀ ਆਪਣੀ ਆਜਾਦੀ ਪ੍ਰਾਪਤ ਕਰਦੇ। ਉਨ੍ਹਾਂ ਕਿਹਾ ਜੇਕਰ ਚੀਨ ਵਿੱਚ ਹਿੰਦੂ ਧਾਰਮਿਕ ਸਥਾਨਾਂ, ਮਾਣ ਸਰੋਵਰ, ਅਮਰਨਾਥ ਆਦਿ ਵਿਖੇ ਬਿਨ੍ਹਾਂ ਕਿਸੇ ਜਾਂਚ ਤੋਂ ਜਾਂਦੇ ਹਨ ਤਾਂ ਸਿੱਖਾਂ ਨੂੰ ਆਪਣੇ ਗੁਰਧਾਮਾਂ ਦੀ ਯਾਤਰਾ ਸਮੇ ਇੰਡੀਅਨ ਏਜੰਸੀਆ ਤੇ ਫੋਰਸਾਂ ਦੀ ਜਾਂਚ ਦੇ ਘੇਰੇ ਵਿੱਚ ਕਿਉ ਰੱਖਿਆ ਜਾ ਰਿਹਾ ਹੈ? ਉਨ੍ਹਾਂ ਕਿਹਾ ਕਿ ਜਦੋਂ ਨਾਦਰ ਸ਼ਾਹ, ਅਹਿਮਦਸਾਹ ਅਬਦਾਲੀ ਆਦਿ ਹਮਲਾਵਰ ਇੰਡੀਆ ਤੇ ਹਮਲਾ ਕਰਦੇ ਸਨ ਤਾਂ ਉਸ ਸਮੇਂ ਇੰਨ੍ਹਾਂ ਜਾਬਰਾਂ ਦਾ ਤੇ ਹਮਲਾਵਰਾਂ ਦਾ ਮੁਕਾਬਲਾ ਸਿੱਖ ਹੀ ਕਰਦੇ ਸਨ। ਇਸ ਲਈ ਜੇਕਰ ਅੱਜ ਸਿੱਖਾਂ ਦੀ ਯਾਤਰਾਵਾਂ ਸਮੇਂ ਜਾਂਚ ਹੁੰਦੀ ਹੈ, ਉਨ੍ਹਾਂ ਦੀ ਵਫਾਦਾਰੀ ਤੇ ਸ਼ੱਕ ਕੀਤਾ ਜਾਂਦਾ ਹੈ ਤਾਂ ਸਾਨੂੰ ਤਾਂ ਅਜਿਹੀ ਜਾਂਚ ਦੀ ਲੋੜ ਨਹੀਂ। ਜੇਕਰ ਲੋੜ ਹੈ ਤਾਂ ਆਰ.ਐਸ.ਐਸ ਦੇ ਉਨ੍ਹਾਂ ਲੋਕਾਂ ਦੀ ਜਿੰਨ੍ਹਾਂ ਨੇ ਗਾਂਧੀ ਨੂੰ ਗੋਲੀ ਮਾਰ ਕੇ ਕਤਲ ਕੀਤਾ ਸੀ ਅਤੇ ਜਿਸ ਨੂੰ ਅੱਜ ਇਹ ਖੁਦ ਵੀ ਰਾਸ਼ਟਰਪਿਤਾ ਕਹਿ ਰਹੇ ਹਨ। ਉਨ੍ਹਾਂ ਕਿਹਾ ਕਿ ਜਦੋਂ ਸ੍ਰੀ ਮੋਦੀ, ਜੈਸੰਕਰ, ਰਾਜਨਾਥ ਸਿੰਘ ਤੇ ਹੋਰ ਆਗੂ ਬਾਹਰਲੇ ਮੁਲਕਾਂ ਵਿੱਚ ਜਾਂਦੇ ਹਨ ਤਾਂ ਕੀ ਉਨ੍ਹਾਂ ਦੀ ਜਾਂਚ ਕੀਤੀ ਜਾਂਦੀ ਹੈ? ਇਹ ਜਾਂਚ ਇਸ ਲਈ ਨਹੀਂ ਕੀਤੀ ਜਾਂਦੀ ਕਿਉਂਕਿ ਇਹ ਹਿੰਦੂ ਹਨ ਅਤੇ ਇਹ ਸਮਝਦੇ ਹਨ ਕਿ ਇੰਨ੍ਹਾਂ ਦੀ ਆਤਮਾ ਸਾਫ ਹੈ। ਕੀ ਆਤਮਾ ਦੀ ਵੀ ਕੋਈ ਅਗਵਾਈ ਦੇ ਸਕਦਾ ਹੈ ਕਿ ਸਾਫ ਹੈ ਜਾਂ ਦਾਗੀ ਹੈ? ਹੁਣ ਸਾਡੀ ਸਾਫਗੋਈ, ਕੁਰਬਾਨੀ, ਤਿਆਗ ਉੱਤੇ ਜੇਕਰ ਇਹ ਹਿੰਦੂਤਵ ਹੁਕਮਰਾਨ ਸ਼ੱਕ ਕਰਦੇ ਹਨ ਤਾਂ ਬਿਹਤਰ ਇਹੀ ਹੈ ਕਿ ਆਜਾਦ ਬਾਦਸਾਹੀ ਸਿੱਖ ਰਾਜ ਇਮਾਨਦਾਰੀ ਨਾਲ ਖੁਦ ਹੀ ਕਾਇਮ ਕਰ ਦੇਣ ਤਾਂ ਕਿ ਇਹ ਇੱਕ-ਦੂਸਰੇ ਤੇ ਸ਼ੱਕ ਕਰਨ ਦਾ ਵੱਡਾ ਮਸਲਾ ਹੀ ਹੱਲ ਹੋ ਜਾਵੇ ਅਤੇ ਕਿਸੇ ਤਰ੍ਹਾਂ ਦੀ ਕਿਸੇ ਨਾਲ ਨਫਰਤ, ਵੈਰ ਵਿਰੋਧ ਦੀ ਕੋਈ ਗੁੰਜਾਇਸ਼ ਹੀ ਨਾ ਰਹੇ। ਕਿਉਂਕਿ ਸਿੱਖ ਕੌਮ ਅਜਿਹੇ ਨਫਰਤਵਾਦੀ ਸ਼ੱਕੀ ਮਾਹੌਲ ਵਿੱਚ ਨਾ ਕਦੇ ਰਹੀ ਹੈ ਅਤੇ ਨਾ ਹੀ ਰਹਿਣਾ ਪਸੰਦ ਕਰਦੀ ਹੈ। ਉਨ੍ਹਾਂ ਐਸ.ਜੀ.ਪੀ.ਸੀ ਦੀ ਸਿੱਖ ਕੌਮ ਦੀ ਵੱਡੀ ਸੰਸਥਾਂ ਸੰਬੰਧੀ ਬੋਲਦੇ ਹੋਏ ਕਿਹਾ ਕਿ ਕਿੰਨੀ ਸ਼ਰਮਨਾਕ ਅਤੇ ਵਿਤਕਰੇ ਭਰੀ ਕਾਰਵਾਈ ਹੈ ਕਿ ਜਦੋਂ ਸਭ ਜਮਹੂਰੀ ਸੰਸਥਾਵਾਂ, ਪਾਰਲੀਮੈਂਟ, ਵਿਧਾਨ ਸਭਾਵਾ, ਜ਼ਿਲ੍ਹਾ ਪ੍ਰੀਸਦਾ, ਪੰਚਾਇਤਾ ਆਦਿ ਦੇ ਹਰ 5 ਸਾਲ ਬਾਅਦ ਮਿਆਦ ਖਤਮ ਹੋਣ ਤੇ ਜਰਨਲ ਚੋਣਾਂ ਹੁੰਦੀਆਂ ਹਨ ਤਾਂ ਸਾਡੀ ਸਿੱਖ ਪਾਰਲੀਮੈਂਟ ਦੀਆਂ ਬੀਤੇ 14 ਸਾਲਾਂ ਤੋਂ ਚੋਣਾਂ ਹੀ ਨਹੀਂ ਕਰਵਾਈਆਂ ਜਾ ਰਹੀਆਂ। ਇਹ ਤਾਂ ਜਮਹੂਰੀਅਤ ਅਤੇ ਇਨਸਾਫ ਦਾ ਸ਼ਰੇਆਮ ਕਤਲ ਹੈ। ਇਹ ਹੋਰ ਵੀ ਵੱਡੇ ਵਿਤਕਰੇ ਭਰੀ ਕਾਰਵਾਈ ਹੈ ਕਿ ਸਾਡੇ ਸਿੱਖ ਆਗੂ ਬਲਵੰਤ ਸਿੰਘ ਰਾਜੋਆਣਾ ਜਿੰਨ੍ਹਾਂ ਨੂੰ 30 ਤੋਂ ਵੱਧ ਸਮਾਂ ਜੇਲ ਵਿੱਚ ਬੰਦੀ ਨੂੰ ਹੋ ਗਿਆ ਹੈ, ਉਨ੍ਹਾਂ ਨੂੰ ਹੁਣ ਇਹ ਹੁਕਮਰਾਨ ਫਾਂਸੀ ਕਿਵੇਂ ਦੇ ਸਕਦੇ ਹਨ? ਜਦੋਂਕਿ ਉਨ੍ਹਾਂ ਨੇ ਤਾਂ ਆਪਣੀ ਸਜ਼ਾ ਪੂਰੀ ਕਰ ਲਈ ਹੈ।

ਮੈਗਜ਼ੀਨ
ਬਾਗ਼ੀ
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
ਅਕਤੂਬਰ 2025
ਅੰਕ-8

ਸੰਪਾਦਕ
ਰਸ਼ਪਿੰਦਰ ਕੌਰ ਗਿੱਲ

ਪੰਜਾਬ ਵਿੱਚ ਬੀ.ਐਸ.ਐਫ ਦੀਆਂ 50 ਕੰਪਨੀਆਂ ਲਗਾਉਣ ਦਾ ਸੰਕੇਤ ਪੰਜਾਬ ਨੂੰ ਫਿਰ ਤੋਂ ਦੁਖਾਂਤ ਵਿੱਚ ਧਕੇਲਣ ਦੀ ਸਾਜਿਸ਼: ਮਾਨ

ਫ਼ਤਹਿਗੜ੍ਹ ਸਾਹਿਬ, 03 ਅਕਤੂਬਰ 2025 "ਪੰਜਾਬ ਸੂਬਾ ਇੱਕ ਉਹ ਸਰਹੱਦੀ ਸੂਬਾ ਹੈ ਜਿੱਥੇ ਵੱਸਣ ਵਾਲੇ ਪੰਜਾਬੀ ਅਤੇ ਸਿੱਖ ਕੌਮ ਨਾ ਤਾਂ ਕਿਸੇ ਨਾ ਕਿਸੇ ਤਰ੍ਹਾਂ ਦੀ ਵਧੀਕੀ ਕਰਦੇ ਹਨ ਅਤੇ ਨਾ ਹੀ ਕਿਸੇ ਤਰ੍ਹਾਂ ਦੀ ਵਧੀਕੀ ਸਹਿਣ ਕਰਦੇ ਹਨ। ਕਿਉਂਕਿ ਨੌਵੀ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਸਾਨੂੰ ਹੁਕਮ ਕੀਤਾ ਹੈ 'ਭੈ ਕਾਹੁ ਕੋ ਦੇਤਿ ਨਾ, ਨਾ ਭੈ ਮਾਨਤਿ ਆਨਿ' । ਲੇਕਿਨ ਦੁੱਖ ਅਤੇ ਅਫਸੋਸ ਹੈ ਕਿ ਸੈਂਟਰ ਦੇ ਹੁਕਮਰਾਨ ਭਾਂਵੇ ਉਹ ਕਾਂਗਰਸ ਹੋਵੇ, ਬੀ.ਜੇ.ਪੀ-ਆਰ.ਐਸ.ਐਸ ਹੋਵੇ ਜਾਂ ਹੋਰ ਹਿੰਦੂਤਵ ਹੁਕਮਰਾਨ ਸਭ ਸਮੁੱਚੇ ਇੰਡੀਆਂ ਵਿੱਚ ਕੱਟੜਵਾਦੀ ਹਿੰਦੂਆਂ ਦੀ ਵੋਟ ਲੈਣ ਲਈ ਪੰਜਾਬ ਵਿੱਚ ਅਜਿਹੀਆਂ ਸਾਜਿਸ਼ਾਂ ਰੱਚਦੇ ਹਨ ਜਿਸ ਨਾਲ ਅਮਨਮਈ ਵੱਸਦੇ ਪੰਜਾਬ ਨੂੰ ਮੰਦਭਾਵਨਾ ਤੇ ਸਾਜਿਸ਼ਾਂ ਅਧੀਨ ਨਿਸ਼ਾਨਾ ਬਣਾ ਕੇ ਇੱਥੋਂ ਦੇ ਮਾਹੌਲ ਨੂੰ ਗੰਧਲਾ ਕਰਕੇ ਇੱਕ ਤਾਂ ਬਦਨਾਮ ਕੀਤਾ ਜਾ ਸਕੇ, ਦੂਜਾ ਇਹ ਬਹਾਨਾ ਬਣਾ ਕੇ ਪੁਲਿਸ ਤੇ ਫ਼ੌਜ ਦਾ ਜ਼ਬਰ ਕਰਦੇ ਰਹਿਣ। ਫਿਰ ਇਸ ਸਰਹੱਦੀ ਸੂਬੇ ਨੂੰ ਸਮੁੱਚੇ ਇੰਡੀਆ ਨਾਲੋਂ ਵੱਖਰੇ ਮੁਲਕ ਦੀ ਤਰ੍ਹਾਂ ਨਫਰਤ ਭਰਿਆ ਵਿਵਹਾਰ ਕਰਕੇ ਹਿੰਦੂਆਂ ਦੀਆਂ ਵੋਟਾਂ ਨੂੰ ਆਪਣੇ ਪੱਖ ਵਿੱਚ ਭੁਗਤਾਅ ਸਕਣ। ਇਸ ਮੰਦਭਾਵਨਾ ਭਰੀ ਸੋਚ ਨੂੰ ਮੁੱਖ ਰੱਖ ਕੇ ਹੀ ਸੈਂਟਰ ਵੱਲੋਂ ਪੰਜਾਬ ਵਿੱਚ 50 ਬੀ.ਐਸ.ਐਫ ਦੀਆਂ ਕੰਪਨੀਆਂ ਲਗਾ ਦਿੱਤੀਆ ਹਨ। ਜਦੋਂਕਿ ਅਮਨ ਕਾਨੂੰਨ ਦੀ ਹਰ ਤਰ੍ਹਾਂ ਦੀ ਵਿਵਸਥਾ ਨੂੰ ਕਾਬੂ ਰੱਖਣ ਲਈ ਪੰਜਾਬ ਪੁਲਿਸ ਅਤੇ ਇੱਥੇ ਤਾਇਨਾਤ ਹੋਰ ਬਲ ਸਮਰੱਥ ਹਨ। ਬੀ.ਐਸ.ਐਫ ਦੀਆਂ ਕੰਪਨੀਆਂ ਤਾਇਨਾਤ ਕਰਨ ਦਾ ਸੰਕੇਤ ਇਹ ਜਾਂਦਾ ਹੈ ਕਿ ਮੋਦੀ ਹਕੂਮਤ ਤੇ ਹਿੰਦੂਤਵ ਹੁਕਮਰਾਨ ਪੰਜਾਬ ਵਿੱਚ ਫਿਰ ਕੋਈ ਦੁੱਖਦਾਇਕ ਸਾਜਿਸ਼ ਰਚਣ ਜਾ ਰਹੇ ਹਨ ਅਤੇ ਖੁਦ ਹੀ ਪੰਜਾਬ ਦੇ ਮਾਹੌਲ ਨੂੰ ਗੰਧਲਾ ਕਰਕੇ ਬਿਹਾਰ ਵਿੱਚ ਹੋਣ ਜਾ ਰਹੀਆ ਚੋਣਾਂ ਵਿੱਚ ਹਿੰਦੂਆਂ ਨੂੰ ਆਪਣੇ ਵੱਲ ਕਰਨ ਦੀ ਖੇਡ, ਖੇਡ ਰਹੇ ਹਨ ਜਾਂ ਫਿਰ ਸ. ਬਲਵੰਤ ਸਿੰਘ ਰਾਜੋਆਣਾ ਨੂੰ ਫਾਂਸੀ ਦੇਣ ਦੇ ਦੁੱਖਦਾਇਕ ਅਮਲ ਹੋਣ ਵਾਲੇ ਹਨ। ਜੇਕਰ ਸੈਂਟਰ ਤੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਨੇ ਕੋਈ ਅਜਿਹੀ ਸਾਜਿਸ਼ ਨੂੰ ਅਮਲ ਕੀਤਾ ਤਾਂ ਨਿਕਲਣ ਵਾਲੇ ਭਿਆਨਕ ਨਤੀਜਿਆਂ ਲਈ ਸੈਂਟਰ ਦੀ ਮੋਦੀ ਹਕੂਮਤ ਤੇ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਜਿੰਮੇਵਾਰ ਹੋਣਗੀਆਂ।" ਇਹ ਸੰਕੇਤ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪੰਜਾਬ ਵਿੱਚ ਲਗਾਈਆਂ ਗਈਆਂ ਬੀ.ਐਸ.ਐਫ ਦੀਆਂ 50 ਕੰਪਨੀਆ ਉੱਤੇ ਖਤਰਨਾਕ ਤੋਖਲਾ ਪ੍ਰਗਟ ਕਰਦੇ ਹੋਏ ਅਤੇ ਹੁਕਮਰਾਨਾਂ ਨੂੰ ਨਿਕਲਣ ਵਾਲੇ ਨਤੀਜਿਆਂ ਲਈ ਖਬਰਦਾਰ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਸਰਹੱਦਾਂ ਉੱਤੇ ਨਿਰੰਤਰ ਰਾਖੀ ਕਰਨ ਵਾਲਾ ਅਤੇ ਇੰਡੀਆ ਦੀ ਹਰ ਮੁਸ਼ਕਿਲ ਵਿੱਚ ਮੋਹਰੀ ਹੋ ਕੇ ਕੁਰਬਾਨੀਆਂ ਤੇ ਤਿਆਗ ਕਰਨ ਵਾਲੇ ਪੰਜਾਬੀ ਤੇ ਸਿੱਖ ਕੌਮ ਹੁਕਮਰਾਨਾਂ ਦੀਆਂ ਅਜਿਹੀਆਂ ਪੰਜਾਬ ਸੂਬੇ ਨੂੰ ਫਿਰ ਤੋਂ ਅਸਾਤ ਕਰਨ ਅਤੇ ਆਪਣੇ ਸਵਾਰਥੀ ਤੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਅਜਿਹੀਆਂ ਸਾਜਿਸ਼ਾਂ ਰਚਣ ਨੂੰ ਕਦਾਚਿਤ ਸਹਿਣ ਨਹੀਂ ਕਰਨਗੇ ਅਤੇ ਨਾ ਹੀ ਪੰਜਾਬ ਨੂੰ ਫਿਰ ਤੋਂ ਵੱਡੇ ਦੁਖਾਂਤ ਵਿੱਚ ਭੇਜਣ ਦੀਆਂ ਸਾਜਿਸ਼ਾਂ ਨੂੰ ਨੇਪਰੇ ਚੜ੍ਹਨ ਦੇਣਗੇ।

ਆਰ.ਐਸ.ਐਸ ਵੱਲੋਂ ਆਪਣਾ 100 ਸਾਲਾਂ ਸਮਾਗਮ ਮਨਾਉਂਦੇ ਹੋਏ ਪ੍ਰਾਪਤੀਆਂ ਦਾ ਇਜ਼ਹਾਰ ਕੀਤਾ ਜਾ ਰਿਹਾ ਹੈ, ਜਦੋਂਕਿ ਹੁਕਮਰਾਨਾਂ ਨੇ ਸਿੱਖ ਕੌਮ ਨੂੰ ਕਦੀ ਵੀ ਇਨਸਾਫ਼ ਨਹੀਂ ਦਿੱਤਾ: ਮਾਨ

ਫ਼ਤਹਿਗੜ੍ਹ ਸਾਹਿਬ, 04 ਅਕਤੂਬਰ 2025 "ਸਿੱਖ ਕੌਮ ਦੇ ਆਜ਼ਾਦ ਸਟੇਟ ਖ਼ਾਲਸਾ ਰਾਜ ਦੀ ਧਰਤੀ ਦੇ 1947 ਵਿੱਚ ਹਿੰਦੂਤਵ ਆਗੂਆਂ ਨੇ ਆਪਣੇ ਸਵਾਰਥਾਂ ਦੀ ਪੂਰਤੀ ਅਧੀਨ 2 ਟੁਕੜੇ ਕਰ ਦਿੱਤੇ ਅਤੇ ਸਿੱਖਾਂ ਨੂੰ ਆਪਣੇ ਵਾਅਦੇ ਅਨੁਸਾਰ ਰਾਜ ਭਾਗ ਦੇ ਮਾਲਕ ਪ੍ਰਵਾਨ ਨਾ ਕਰਕੇ ਯਤੀਮ ਛੱਡ ਦਿੱਤਾ ਗਿਆ। ਉਸ ਤੋਂ ਬਾਅਦ ਗਾਂਧੀ ਨੂੰ ਮਾਰ ਦਿੱਤਾ ਗਿਆ। ਜਦੋਂਕਿ ਵੰਡ ਤੋਂ ਪਹਿਲੇ ਹੁਕਮਰਾਨਾਂ ਨੇ ਸਿੱਖਾਂ ਨੂੰ ਵਿਸ਼ਵਾਸ ਦਿਵਾਇਆ ਸੀ ਕਿ ਆਜ਼ਾਦ ਭਾਰਤ ਵਿੱਚ ਸਿੱਖਾਂ ਨੂੰ ਇੱਕ ਆਜ਼ਾਦ ਖਿੱਤਾ ਉੱਤਰੀ ਭਾਰਤ ਵਿੱਚ ਦਿੱਤਾ ਜਾਵੇਗਾ, ਜਿੱਥੇ ਸਿੱਖ ਆਪਣੀ ਆਜ਼ਾਦੀ ਦਾ ਨਿੱਘ ਮਾਣ ਸਕਣਗੇ ਅਤੇ ਆਜਾਦੀ ਨਾਲ ਆਪਣੀਆਂ ਰਹੁ-ਰੀਤੀਆਂ ਕਰ ਸਕਣਗੇ। ਹੁਕਮਰਾਨ ਵੱਲੋਂ ਇਸ ਕੀਤੇ ਗਏ ਵਾਅਦੇ ਤੋਂ ਵੀ ਮੁਨਕਰ ਹੋ ਕੇ ਸਿੱਖ ਕੌਮ ਨੂੰ ਧੋਖਾ ਦਿੱਤਾ ਗਿਆ। ਇਸ ਉਪਰੰਤ ਇੰਦਰਾ ਗਾਂਧੀ ਨੇ ਸ੍ਰੀ ਦਰਬਾਰ ਸਾਹਿਬ ਉੱਤੇ ਕੌਮਾਂਤਰੀ ਕਾਨੂੰਨਾਂ ਅਤੇ ਮਨੁੱਖੀ ਅਧਿਕਾਰਾਂ ਦੇ ਨਿਯਮਾਂ ਦਾ ਘੋਰ

ਉਲੰਘਣ ਕਰਕੇ ਸਾਜਸੀ ਢੰਗ ਨਾਲ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬਲਿਊ ਸਟਾਰ ਦਾ ਫ਼ੌਜੀ ਹਮਲਾ ਕਰਕੇ ਅਤੇ ਹੋਰ 36 ਗੁਰੂ ਘਰਾਂ ਉੱਤੇ ਹਮਲੇ ਕਰਵਾ ਕੇ ਇਹ ਸਾਬਤ ਕਰ ਦਿੱਤਾ ਕਿ ਹੁਕਮਰਾਨਾਂ ਦੇ ਮਨਾਂ ਵਿੱਚ ਸਿੱਖ ਕੌਮ ਪ੍ਰਤੀ ਨਫਰਤ ਦੀ ਮੰਦਭਾਵਨਾ ਹੈ। 1992 ਵਿੱਚ ਮੌਜੂਦਾ ਹੁਕਮਰਾਨਾਂ ਨੇ ਕਾਂਗਰਸੀਆਂ ਨਾਲ ਰਲ ਕੇ ਮੁਸਲਿਮ ਕੌਮ ਦੇ ਧਾਰਮਿਕ ਸਥਾਨ ਬਾਬਰੀ ਮਸਜਿਦ ਨੂੰ ਦਿਨ ਦਿਹਾੜੇ ਗੈਤੀਆਂ, ਹਥੌੜਿਆਂ ਆਦਿ ਨਾਲ ਢਹਿ ਢੇਰੀ ਕਰ ਦਿੱਤਾ। ਸੁਪਰੀਮ ਕੋਰਟ ਦੇ ਮੁੱਖ ਜੱਜ ਜਸਟਿਸ ਗੰਗੋਈ ਨੂੰ ਲਾਲਚ ਅਤੇ ਰਿਸ਼ਵਤ ਦੇ ਕੇ ਰਾਮ ਮੰਦਰ ਦੇ ਹੱਕ ਵਿੱਚ ਜ਼ਬਰੀ ਫੈਸਲਾ ਕਰਵਾ ਕੇ ਵਿਧਾਨਿਕ ਕਦਰਾਂ ਕੀਮਤਾਂ ਦਾ ਘਾਣ ਕੀਤਾ ਗਿਆ ਅਤੇ ਬਾਅਦ ਵਿੱਚ ਜਸਟਿਸ ਗੰਗੋਈ ਨੂੰ ਇਵਜਾਨੇ ਵੱਜੋਂ ਰਾਜ ਸਭਾ ਮੈਂਬਰ ਬਣਾ ਦਿੱਤਾ ਗਿਆ। 2002 ਵਿੱਚ ਗੁਜਰਾਤ ਦੇ ਮੁੱਖ ਮੰਤਰੀ ਹੁੰਦਿਆਂ ਮੌਜੂਦਾ ਵਜੀਰ-ਏ-ਆਜਮ ਨਰਿੰਦਰ ਮੋਦੀ ਨੇ 2 ਹਜਾਰ ਮੁਸਲਮਾਨਾਂ ਦਾ ਸਮੂਹਿਕ ਕਤਲੇਆਮ ਕਰਵਾਇਆ। ਇੰਨ੍ਹਾਂ ਹੁਕਮਰਾਨਾਂ ਨੇ ਸਿੱਖ ਕੌਮ ਦੀ ਸੰਸਾਰ ਪੱਧਰ ਤੇ ਉਨ੍ਹਾਂ ਦੇ ਸਰਬੱਤ ਦੇ ਭਲੇ ਦੀ ਸੋਚ ਨੂੰ ਨਜ਼ਰ ਅੰਦਾਜ ਕਰਦੇ ਹੋਏ ਉਨ੍ਹਾਂ ਦਾ ਵੱਡੇ ਪੱਧਰ ਤੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਕਤਲੇਆਮ ਕਰਦੇ ਆਏ ਹਨ। ਫਿਰ ਅਜਿਹੇ ਹੁਕਮਰਾਨ ਆਰ.ਐਸ.ਐਸ ਦੀ 100 ਸਾਲਾਂ ਸਮਾਗਮ ਉੱਤੇ ਪ੍ਰਾਪਤੀਆਂ ਨੂੰ ਉਜਾਗਰ ਕਰਨ ਦੀ ਗੱਲ ਕਿਸ ਦਲੀਲ ਨਾਲ ਕਰ ਸਕਦੇ ਹਨ?" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਆਰ.ਐਸ.ਐਸ ਦੇ 100 ਸਾਲਾਂ ਸਮਾਗਮ ਉੱਤੇ ਹੁਕਮਰਾਨਾਂ ਵੱਲੋਂ ਆਪਣੀਆਂ ਪ੍ਰਾਪਤੀਆਂ ਦੀ ਗੱਲ ਕਰਨ ਉੱਤੇ ਤਿੱਖਾ ਪ੍ਰਤੀਕਰਮ ਜਾਹਰ ਕਰਦੇ ਹੋਏ ਅਤੇ ਇੱਥੋਂ ਦੇ ਨਿਵਾਸੀਆਂ ਨੂੰ ਗੁੰਮਰਾਹਕੁੰਨ ਪ੍ਰਚਾਰ ਕਰਕੇ ਆਪਣੀਆਂ ਪ੍ਰਾਪਤੀਆਂ ਵਧਾਉਣ ਉੱਤੇ ਪ੍ਰਸ਼ਨ ਚਿੰਨ੍ਹ ਲਗਾਉਂਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਇਹ ਹੋਰ ਵੀ ਵੱਡੇ ਦੁੱਖ ਦੀ ਕਾਰਵਾਈ ਹੈ ਕਿ ਜੋ ਬਲਿਊ ਸਟਾਰ ਦੌਰਾਨ ਸਾਡੇ 20ਵੀਂ ਸਦੀ ਦੇ ਮਹਾਨ ਸਿੱਖ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ, ਜਰਨਲ ਸੁਬੇਗ ਸਿੰਘ, ਬਾਬਾ ਠਾਹਰਾ ਸਿੰਘ, ਭਾਈ ਅਮਰੀਕ ਸਿੰਘ ਆਦਿ ਸਿੰਘਾਂ ਦੇ ਸੰਸਕਾਰ ਕਿੱਥੇ ਕੀਤੇ? ਉਨ੍ਹਾਂ ਦੇ ਫੁੱਲ ਕਿੱਥੇ ਪਾਏ? ਉਨ੍ਹਾਂ ਦੀ ਭੋਗ ਰਸਮ ਕਿੱਥੇ ਤੇ ਕਿਸ ਢੰਗ ਨਾਲ ਕੀਤੇ ਗਏ? ਸਾਡੇ ਵੱਲੋਂ ਲਿਖਤੀ ਰੂਪ ਵਿੱਚ ਪੁੱਛਣ ਤੇ ਵੀ ਕੋਈ ਜੁਆਬ ਨਾ ਦੇਣ ਵਾਲੇ ਇਹ ਹੁਕਮਰਾਨ ਕਿਵੇਂ ਆਪਣੀਆਂ ਪ੍ਰਾਪਤੀਆਂ ਦੇ ਦਾਅਵੇ ਕਰ ਸਕਦੇ ਹਨ, ਜਦੋਂਕਿ ਸਾਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਜਾ ਰਹੀ। ਉਨ੍ਹਾਂ ਕਿਹਾ ਕਿ ਅਸੀਂ ਹਰ ਸਾਲ 31 ਅਕਤੂਬਰ ਨੂੰ ਸ਼ਹੀਦ ਭਾਈ ਬੇਅੰਤ ਸਿੰਘ, ਸ਼ਹੀਦ ਭਾਈ ਸਤਵੰਤ ਸਿੰਘ, ਸ਼ਹੀਦ ਭਾਈ ਕੇਹਰ ਸਿੰਘ ਦੀ ਬਰਸੀ ਦਿੱਲੀ ਵਿਖੇ ਮਨਾਉਂਦੇ ਹਾਂ ਅਤੇ ਉਸ ਸਮੇਂ ਤੋਂ ਹੀ ਇਹ ਮੰਗ ਕਰਦੇ ਆ ਰਹੇ ਹਾਂ ਕਿ ਜਿਸ ਇੰਦਰਾ ਗਾਂਧੀ ਨਿਵਾਸ ਸਫਦਰਜੰਗ ਤੇ ਇਹ ਸਿੰਘ ਸ਼ਹੀਦ ਹੋਏ ਹਨ, ਉੱਥੇ ਸਾਨੂੰ 2 ਏਕੜ ਸਥਾਨ ਸਾਨੂੰ ਸ਼ਹੀਦਾਂ ਦੀ ਯਾਦਗਰ ਬਣਾਉਣ ਲਈ ਦਿੱਤੀ ਜਾਵੇ। ਉਸ ਉੱਤੇ ਵੀ ਇਹ ਹੁਕਮਰਾਨ ਕਦੇ ਸੰਜੀਦਾ ਨਹੀਂ ਹੋਏ। ਉਨ੍ਹਾਂ ਕਿਹਾ ਕਿ ਹਿੰਦੂਤਵ ਹੁਕਮਰਾਨ ਹੀ ਹਨ ਜਿੰਨ੍ਹਾਂ ਨੇ ਸਾਜਸੀ ਢੰਗ ਨਾਲ ਸਾਡੇ ਅਮਰੀਕਾ, ਕੈਨੇਡਾ, ਬਰਤਾਨੀਆ, ਪਾਕਿਸਤਾਨ, ਇੰਡੀਆ ਤੇ ਪੰਜਾਬ ਵਿੱਚ ਸਿਰਕੱਢ ਸਿੱਖਾਂ ਨੂੰ ਨਿਸ਼ਾਨਾਂ ਬਣਾ ਕੇ ਕਤਲੇਆਮ ਕੀਤਾ। ਜਿੰਨ੍ਹਾਂ ਵਿੱਚ ਹਰਦੀਪ ਸਿੰਘ ਨਿੱਝਰ, ਰਿਪੁਦਮਨ ਸਿੰਘ ਮਲਿਕ ਅਤੇ ਸੁਖਦੂਲ ਸਿੰਘ ਕੈਨੇਡਾ, ਅਵਤਾਰ ਸਿੰਘ ਖੰਡਾ ਬਰਤਾਨੀਆ, ਪਰਮਜੀਤ ਸਿੰਘ ਪੰਜਵੜ ਤੇ ਲਖਬੀਰ ਸਿੰਘ ਰੋਡੇ ਪਾਕਿਸਤਾਨ, ਦੀਪ ਸਿੰਘ ਸਿੱਧੂ ਹਰਿਆਣਾ, ਸੁਭਦੀਪ ਸਿੰਘ ਸਿੱਧੂ ਮੂਸੇਵਾਲਾ ਅਤੇ ਗੁਰਪ੍ਰੀਤ ਸਿੰਘ ਹਰੀਨੌ ਪੰਜਾਬ ਅਤੇ ਅਮਰੀਕਨ ਨਾਗਰਿਕ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਅਸਫਲ ਕੋਸ਼ਿਸ਼ ਕੀਤੀ। ਇਸ ਸਮੁੱਚੇ ਕਤਲੇਆਮ ਲਈ ਸ੍ਰੀ ਮੋਦੀ ਅਤੇ ਉਸਦੀ ਜਾਲਮ ਜੁੰਡਲੀ ਗ੍ਰਹਿ ਵਜੀਰ ਅਮਿਤ ਸ਼ਾਹ, ਵਿਦੇਸ਼ ਵਜੀਰ ਜੈਸੰਕਰ, ਰੱਖਿਆ ਵਜੀਰ ਰਾਜਨਾਥ ਸਿੰਘ, ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ, ਰਾਅ ਮੁੱਖੀ ਰਵੀ ਸਿਨ੍ਹਾਂ ਅਤੇ ਸਾਬਕਾ ਰਾਅ ਮੁੱਖੀ ਸੰਮਤ ਗੋਇਲ ਸਿੱਧੇ ਤੌਰ ਤੇ ਜਿੰਮੇਵਾਰ ਹਨ। ਇਹ ਜੁੰਡਲੀ ਕੌਮਾਂਤਰੀ ਤੌਰ ਤੇ ਉਨ੍ਹਾਂ ਮੁਲਕਾਂ ਦੀ ਵੀ ਵੱਡੀ ਦੋਸ਼ੀ ਹੈ ਜਿੰਨ੍ਹਾਂ ਦੀ ਇੰਨ੍ਹਾਂ ਨੇ ਪ੍ਰਭੂਸਤਾ ਨੂੰ ਤੋੜਿਆ ਅਤੇ ਅਮਰੀਕਾ ਦੀ ਮੁਨਰੋ ਡਾਕਟਰੀਨ ਦਾ ਘਾਣ ਕੀਤਾ। ਜਿੰਨਾਂ ਚਿਰ ਕੌਮ ਨੂੰ ਸਾਡੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦੇ ਕੇ ਇਨਸਾਫ਼ ਨਹੀਂ ਦਿੱਤਾ ਜਾਂਦਾ, ਸਿੱਖਾਂ ਉੱਤੇ ਜ਼ਬਰ ਜੁਲਮ ਤੇ ਬੇਇਨਸਾਫ਼ੀਆਂ ਬੰਦ ਨਹੀਂ ਕੀਤੀਆਂ ਜਾਂਦੀਆਂ, ਓਨਾਂ ਸਮਾਂ ਇੰਡੀਅਨ ਹੁਕਮਰਾਨ ਕੌਮਾਂਤਰੀ ਪੱਧਰ ਤੇ ਕਿਸੇ ਤਰ੍ਹਾਂ ਦਾ ਵੀ ਸਤਿਕਾਰ-ਮਾਣ ਪ੍ਰਾਪਤ ਨਹੀਂ ਕਰ ਸਕਣਗੇ ਅਤੇ ਨਾ ਹੀ ਇੰਡੀਆ ਵਿੱਚ ਅਮਨ ਚੈਨ ਤੇ ਜਮਹੂਰੀਅਤ ਨੂੰ ਸਥਾਈ ਤੌਰ ਤੇ ਕਾਇਮ ਰੱਖ ਸਕਣਗੇ।

ਮੈਗਜ਼ੀਨ
ਬਾਗ਼ੀ
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
ਅਕਤੂਬਰ 2025
ਅੰਕ-8
ਸੰਪਾਦਕ
ਰਸ਼ਪਿੰਦਰ ਕੌਰ ਗਿੱਲ

ਸਭ ਧਰਮਾਂ ਦੇ ਨਿਵਾਸੀਆਂ ਨੂੰ ਆਪਣੇ ਗੁਰੂਆਂ, ਪੀਰਾਂ, ਫਕੀਰਾਂ ਦੇ ਨਾਅਰੇ ਲਗਾਉਣ ਤੇ ਸਲੋਗਨ ਲਿਖਣ ਦਾ ਵਿਧਾਨਿਕ ਧਾਰਮਿਕ ਅਧਿਕਾਰ: ਮਾਨ

ਫ਼ਤਹਿਗੜ੍ਹ ਸਾਹਿਬ, 04 ਅਕਤੂਬਰ 2025 "ਜੋ ਵੀ ਇਨਸਾਨ ਆਪਣੇ ਕਿਸੇ ਧਰਮ ਨੂੰ ਜੋ ਮੰਨਦਾ ਹੈ ਉਸ ਨੂੰ ਵਿਧਾਨ ਰਾਹੀਂ ਧਾਰਮਿਕ ਆਜ਼ਾਦੀ ਪ੍ਰਾਪਤ ਹੈ ਕਿ ਉਹ ਆਪਣੇ ਗੁਰੂਆਂ, ਪੈਗੰਬਰਾਂ, ਪੀਰਾਂ, ਫਕੀਰਾਂ ਆਦਿ ਦੇ ਨਾਮ ਦੇ ਨਾਅਰੇ ਲਗਾ ਕੇ ਜਾਂ ਸਲੋਗਨ ਲਿਖ ਕੇ ਆਪਣੇ ਧਰਮ ਦੇ ਪ੍ਰਪੱਕ ਹੋਣ ਵਿੱਚ ਸ਼ਰਧਾ ਭੇਂਟ ਕਰ ਸਕਦਾ ਹੈ, ਜਿਵੇਂ ਬਹੁਗਿਣਤੀ ਜੇਕਰ ਜੈ ਸ੍ਰੀ ਰਾਮ ਜਾਂ ਜੈ ਬਜਰੰਗ ਬਲੀ ਆਦਿ ਦੇ ਸਲੋਗਨ ਲਗਾਉਂਦੇ ਤੇ ਲਾਉਂਦੇ ਹਨ। ਲੇਕਿਨ ਬੀ.ਜੇ.ਪੀ ਦੇ ਮੈਂਬਰ ਯੋਗੇਸ ਮੈਣੀ ਨੇ ਜੋ ਮੁਸਲਿਮ ਕੌਮ ਵੱਲੋਂ ਕੀਤੇ ਜਾ ਰਹੇ ਪ੍ਰੋਟੈਸਟ ਇਕੱਠ ਵਿੱਚ 'ਆਈ ਲਵ ਮੁਹੰਮਦ' ਦੇ ਬੈਨਰ ਤੇ ਨਾਅਰੇ ਲਗਾਏ ਜਾ ਰਹੇ ਸਨ ਤਾਂ ਉਪਰੋਕਤ ਸ੍ਰੀ ਮੈਣੀ ਵੱਲੋਂ ਉਨ੍ਹਾਂ ਕੋਲੋਂ ਲੰਘਦੇ ਹੋਏ ਜੋ 'ਜੈ ਸ੍ਰੀ ਰਾਮ' ਦਾ ਨਾਅਰਾ ਲਗਾ ਕੇ ਸਮੁੱਚੀ ਇਕੱਤਰਤਾ ਵਿੱਚ ਭੜਕਾਹਟ ਪੈਦਾ ਕੀਤੀ ਗਈ ਜਾਂ ਉਸਨੇ ਖੁੰਦਕ ਵਿੱਚ ਅਜਿਹਾ ਮਾਹੌਲ ਪੈਦਾ ਕੀਤਾ ਤਾਂ ਉਸ ਲਈ ਮੁਸਲਿਮ ਕੌਮ ਨਾਲ ਬਲਕਿ ਬੀ.ਜੇ.ਪੀ ਦਾ ਮੈਂਬਰ ਸ੍ਰੀ ਮੈਣੀ ਦੋਸ਼ੀ ਸੀ। ਜਿਸਨੇ ਭੜਕਾਹਟ ਵਾਲੀ ਕਾਰਵਾਈ ਕਰ ਕੇ ਨਫਰਤ ਵਾਲਾ ਮਾਹੌਲ ਉਤਪੰਨ ਕੀਤਾ। ਲੇਕਿਨ ਦੁੱਖ ਅਤੇ ਅਫਸੋਸ ਹੈ ਕਿ ਪ੍ਰਸ਼ਾਸਨ ਵੱਲੋਂ ਭੜਕਾਹਟ ਪੈਦਾ ਕਰਨ ਵਾਲੇ ਵਿਰੁੱਧ ਕਾਨੂੰਨੀ ਅਮਲ ਕਰਨਾ ਬਣਦਾ ਸੀ, ਪਰ ਪ੍ਰਸ਼ਾਸਨ ਨੇ ਮੁਸਲਿਮ ਇਕੱਠ ਵਿਰੁੱਧ 115, 126, 351 ਆਦਿ ਧਾਰਾਵਾਂ ਅਧੀਨ ਕੇਸ ਦਰਜ ਕਰਕੇ ਸਮੁੱਚੇ ਮੁਸਲਿਮ ਵਰਗ ਦੇ ਮਨਾਂ ਤੇ ਆਤਮਾਵਾਂ ਨੂੰ ਠੇਸ ਪਹੁੰਚਾਉਣ ਦੀ ਕਾਰਵਾਈ ਕੀਤੀ ਹੈ। ਜਿਸ ਨੂੰ ਕਿ ਪ੍ਰਸ਼ਾਸਨ ਵੱਲੋਂ ਸਹਿਜ ਨਾਲ ਕਾਨੂੰਨੀ ਅਮਲ ਕਰਦੇ ਹੋਏ ਮਾਹੌਲ ਨੂੰ ਸਹੀ ਕਰਨ ਦੇ ਉਦਮ ਕਰਨੇ ਚਾਹੀਦੇ ਸਨ ਜੋ ਕਿ ਨਹੀਂ ਹੋਏ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਇੰਡੀਅਨ ਵਿਧਾਨ ਰਾਹੀਂ ਸਮੁੱਚੇ ਵਰਗਾਂ, ਕੌਮਾਂ, ਧਰਮਾਂ ਨੂੰ ਆਪੋ-ਆਪਣੇ ਗੁਰੂਆਂ, ਪੀਰਾਂ, ਫਕੀਰਾਂ ਆਦਿ ਵਿੱਚ ਵਿਸ਼ਵਾਸ ਪ੍ਰਗਟਾਉਂਦੇ ਹੋਏ ਆਪਣੇ ਧਰਮ ਨਾਲ ਸੰਬੰਧਤ ਨਾਅਰੇ ਲਗਾਉਣ ਅਤੇ ਸਲੋਗਨ ਲਿਖਣ ਦੇ ਮਿਲੇ ਅਧਿਕਾਰਾਂ ਅਧੀਨ ਮੁਸਲਿਮ ਕੌਮ ਦੇ ਇਸ ਅਧਿਕਾਰ ਨੂੰ ਨਫਰਤ ਦੀ ਸੋਚ ਨਾਲ ਉਪਰੋਕਤ ਮੁੱਦੇ ਉੱਤੇ ਹੋਏ ਅਮਲ ਨੂੰ ਅਤਿ ਦੁੱਖਦਾਇਕ ਕਰਾਰ ਦਿੰਦੇ ਹੋਏ ਅਸਲ ਦੋਸ਼ੀ ਵਿਰੁੱਧ ਕਾਨੂੰਨੀ ਅਮਲ ਕਰਨ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਇਸ ਗੱਲ ਤੇ ਵੀ ਗਹਿਰਾ ਦੁੱਖ ਪ੍ਰਗਟ ਕੀਤਾ ਕਿ ਬੇਸ਼ੱਕ ਇੱਥੇ ਇੰਡੀਆ ਵਿੱਚ ਹਿੰਦੂ ਬਹੁਗਿਣਤੀ ਦੀ ਹਕੂਮਤ ਹੈ। ਪਰ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਕਦੀ ਵੀ ਹਕੂਮਤੀ ਪ੍ਰਭਾਵ ਹੇਠ ਅਜਿਹਾ ਅਮਲ ਨਹੀਂ ਕਰਨਾ ਚਾਹੀਦਾ। ਜਿਸ ਨਾਲ ਕਿਸੇ ਇੱਕ ਫਿਰਕੇ, ਕੌਮ, ਧਰਮ ਦੀ ਧਾਰਮਿਕ ਆਜਾਦੀ ਖਤਰੇ ਵਿੱਚ ਪਵੇ ਅਤੇ ਬਹੁਗਿਣਤੀ ਦੀ ਧੌਂਸ ਜਮਾਈ ਜਾਵੇ। ਜਦੋਂਕਿ ਵਿਧਾਨ ਤਾਂ ਇੱਥੋਂ ਦੇ ਨਿਵਾਸੀਆਂ ਨੂੰ ਹਰ ਖੇਤਰ ਵਿੱਚ ਬਰਾਬਰਤਾ ਦੇ ਹੱਕ, ਸਨਮਾਨ, ਇੱਜਤ ਪ੍ਰਦਾਨ ਕਰਦਾ ਹੈ। ਫਿਰ ਘੱਟ ਗਿਣਤੀ ਧਰਮ ਨਾਲ ਹਕੂਮਤੀ ਧੌਂਸ ਅਧੀਨ ਉਨ੍ਹਾਂ ਵਿੱਚ ਭੜਕਾਹਟ ਪੈਦਾ ਕਰਕੇ ਮਾਹੌਲ ਨੂੰ ਖਰਾਬ ਕਰਨਾ ਅਤੇ ਫਿਰ ਪ੍ਰਸ਼ਾਸਨ ਵੱਲੋਂ ਪੀੜ੍ਹਤ ਕੌਮ ਨਾਲ ਹੀ ਜਿਆਦਤੀ ਕਰਨਾ ਕਿਸੇ ਤਰ੍ਹਾਂ ਵੀ ਮੁਨਾਸਿਬ ਨਹੀਂ ਹੈ। ਪ੍ਰਸ਼ਾਸਨ ਵੱਲੋਂ ਅਜਿਹੇ ਪੱਖਪਾਤੀ ਅਮਲ ਇੱਥੋਂ ਦੇ ਮਾਹੌਲ ਨੂੰ ਕਦੀ ਵੀ ਖੁਸ਼ਗਵਾਰ ਜਾਂ ਅਮਨਮਈ ਨਹੀਂ ਰੱਖ ਸਕਦੇ। ਬਲਕਿ ਨਿਰਪੱਖਤਾ ਨਾਲ ਅਜਿਹੇ ਸਮਿਆਂ ਤੇ ਅਮਲ ਕਰਕੇ ਹੀ ਸਮੁੱਚੇ ਮੁਲਕ ਅਤੇ ਨਿਵਾਸੀਆਂ ਵਿੱਚ ਅਮਨ ਚੈਨ ਤੇ ਜਮਹੂਰੀਅਤ ਨੂੰ ਕਾਇਮ ਰੱਖਿਆ ਜਾ ਸਕਦਾ ਹੈ। ਸ. ਮਾਨ ਨੇ ਘੱਟ ਗਿਣਤੀ ਮੁਸਲਿਮ ਕੌਮ ਨੂੰ ਉਚੇਚੇ ਤੌਰ ਤੇ ਅਪੀਲ ਕਰਦੇ ਹੋਏ ਕਿਹਾ ਕਿ ਜਿੰਨਾ ਧਰਮੀ ਆਜਾਦੀ ਬਹੁਗਿਣਤੀ ਹਿੰਦੂ ਕੌਮ ਨੂੰ ਵਿਧਾਨਿਕ ਢੰਗ ਰਾਹੀ। ਮਿਲੀ ਹੈ, ਉਨ੍ਹੀ ਹੀ ਆਜਾਦੀ ਮੁਸਲਿਮ ਕੌਮ ਤੇ ਹੋਰ ਘੱਟ ਗਿਣਤੀ ਕੌਮਾਂ ਨੂੰ ਵੀ ਪ੍ਰਦਾਨ ਹੈ। ਇਸ ਲਈ ਜੋ ਉਪਰੋਕਤ ਦੁੱਖਦਾਇਕ ਅਤੇ ਨਫਰਤ ਭਰੀ ਭੜਕਾਹਟ ਕਾਰਵਾਈ ਹੋਈ ਹੈ, ਉਸ ਉੱਤੇ ਕਿਸੇ ਤਰ੍ਹਾਂ ਭੜਕਾਹਟ ਵਿੱਚ ਆਉਣ ਦੀ ਬਜਾਇ ਸਭ ਮੁਸਲਿਮ ਵੀਰ ਜਮਹੂਰੀ ਤੇ ਵਿਧਾਨਿਕ ਢੰਗ ਨਾਲ ਆਪੋ-ਆਪਣੇ ਕਾਰੋਬਾਰਾਂ, ਘਰਾਂ, ਮਸਜਿਦਾਂ, ਵਹੀਕਲਾਂ ਆਦਿ ਉੱਤੇ ਜੁੰਮੇ ਵਾਲੇ ਦਿਨ 'ਆਈ ਲਵ ਮੁਹੰਮਦ' (I Love Mohammad) ਦੇ ਸਲੋਗਨ ਲਿਖ ਕੇ ਆਪਣੇ ਪੈਗੰਬਰ ਦੀ ਸ਼ਰਧਾ ਨੂੰ ਇਜ਼ਹਾਰ ਕਰਨ ਦੇ ਫਰਜ ਨਿਭਾਉਂਦੇ ਰਹਿਣ। ਇਸ ਅਮਲ ਨਾਲ ਉਨ੍ਹਾਂ ਦੀ ਸ਼ਰਧਾ ਦਾ ਵੀ ਪ੍ਰਗਟਾਵਾ ਹੋਵੇਗਾ ਅਤੇ ਕਿਸੇ ਤਰ੍ਹਾਂ ਦੀ ਭੜਕਾਹਟ ਵਾਲੀ ਕਾਰਵਾਈ ਵੀ ਨਹੀਂ ਹੋਵੇਗੀ।

ਮੈਗਜ਼ੀਨ
ਬਾਗ਼ੀ
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
ਅਕਤੂਬਰ 2025
ਅੰਕ-8
ਸੰਪਾਦਕ
ਰਸ਼ਪਿੰਦਰ ਕੌਰ ਗਿੱਲ

ਇੰਡੀਅਨ ਖਿਡਾਰੀਆਂ ਵੱਲੋਂ ਪਾਕਿਸਤਾਨ ਖਿਡਾਰੀਆਂ ਨਾਲ ਹੱਥ ਨਾ ਮਿਲਾਕੇ ਨਫਰਤ ਉਜਾਗਰ ਕਰਨਾ ਅਤਿ ਦੁੱਖਦਾਇਕ: ਮਾਨ

ਫ਼ਤਹਿਗੜ੍ਹ ਸਾਹਿਬ, 07 ਅਕਤੂਬਰ 2025 "ਜੋ ਇੰਡੀਆ ਦੇ ਖਿਡਾਰੀ ਕੋਲੰਬੋ ਵਿਖੇ ਪਾਕਿਸਤਾਨ ਨਾਲ ਮੈਚ ਖੇਡਣ ਗਏ ਹਨ, ਇੰਡੀਅਨ ਕਪਤਾਨ ਵੱਲੋਂ ਪਾਕਿਸਤਾਨੀ ਕਪਤਾਨ ਨਾਲ ਆਪਣੀ ਰਵਾਇਤ ਅਨੁਸਾਰ ਜੋ ਹੱਥ ਮਿਲਾਉਂਦੇ ਹੋਏ ਖੁਸ਼ੀ ਦਾ ਅਤੇ ਸਵਾਗਤ ਦਾ ਇਜ਼ਹਾਰ ਕਰਨਾ ਹੁੰਦਾ ਹੈ ਉਹ ਨਾ ਕਰਕੇ ਨਫਰਤ ਉਜਾਗਰ ਕਰਨ ਦਾ ਗਲਤ ਪ੍ਰਭਾਵ ਦਿੱਤਾ ਹੈ ਜੋ ਨਹੀਂ ਸੀ ਹੋਣਾ ਚਾਹੀਦਾ। ਭਾਵੇਂ 2 ਮੁਲਕਾਂ ਵਿੱਚ ਕਿਸੇ ਤਰ੍ਹਾਂ ਦੀ ਜੰਗ ਜਾਂ ਦੁਸ਼ਮਣੀ ਵਾਲਾ ਮਾਹੌਲ ਕਿਉਂ ਨਾ ਹੋਵੇ ਪਰ ਸਪੋਸਰਟਮੈਨਸ਼ਿਪ ਅਤੇ ਇਨਸਾਨੀਅਤ ਕਦਰਾਂ ਕੀਮਤਾਂ ਇਸ ਗੱਲ ਦੀ ਜੋਰਦਾਰ ਮੰਗ ਕਰਦੀਆਂ ਹਨ ਕਿ ਇੱਕ ਦੂਜੇ ਮੁਲਕ ਦੇ ਨਿਵਾਸੀਆਂ ਤੇ ਖਿਡਾਰੀਆਂ ਪ੍ਰਤੀ ਅਜਿਹੇ ਮੌਕਿਆਂ ਉੱਤੇ ਖੁਸ਼ੀ ਤੇ ਸਤਿਕਾਰ ਨਾਲ ਮਿਲਦੇ ਹੋਏ ਅੱਛੀਆਂ ਭਾਵਨਾਵਾਂ ਮਜਬੂਤ ਹੋਣ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕੋਲੰਬੋ ਵਿਖੇ ਵੂਮੈਨ ਕ੍ਰਿਕਟ ਏਸ਼ੀਆ ਵਰਲਡ ਕੱਪ ਵਿੱਚ ਇੰਡੀਅਨ ਖਿਡਾਰਣਾਂ ਵੱਲੋਂ ਪਾਕਿਸਤਾਨ ਖਿਡਾਰਣਾ ਨਾਲ ਲੰਮੇ ਸਮੇਂ ਤੋਂ ਚੱਲਦੀ ਆ ਰਹੀ ਹੱਥ ਮਿਲਾਉਣ ਤੇ ਖੁਸ਼ੀ ਦਾ ਇਜ਼ਹਾਰ ਕਰਨ ਦੀ ਰਵਾਇਤ ਦਾ ਉਲੰਘਣ ਕਰਕੇ ਹੱਥ ਨਾ ਮਿਲਾ ਕੇ ਬਹੁਤ ਹੀ ਗਲਤ ਪ੍ਰਭਾਵ ਦੇਣ ਦੇ ਦੁੱਖਦਾਇਕ ਅਮਲਾਂ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਬੇਸ਼ੱਕ ਅਸੀਂ ਹਿੰਦੂਤਵ ਹੁਕਮਰਾਨਾਂ ਦੀ ਅਧੀਨਗੀ ਹੇਠ ਵਿਚਰ ਰਹੇ ਹਾਂ। ਪਰ ਸਾਡੇ ਸਿੱਖ ਕੌਮ ਦੀਆਂ ਮਹਾਨ ਰਵਾਇਤਾਂ, ਸੱਭਿਆਚਾਰ, ਰਿਵਾਜ ਕਦੀ ਵੀ ਤਬਦੀਲ ਨਹੀਂ ਕੀਤੇ ਜਾ ਸਕਦੇ। ਭਾਵੇਂ ਕਿ ਹਾਲਾਤ ਸਾਜਗਰ ਹੋਣ ਜਾ ਨਾ ਹੋਣ। ਕਿਉਂਕਿ ਸਾਡੀਆਂ ਰਵਾਇਤਾਂ ਇਨਸਾਨੀਅਤ, ਸਮਾਜ ਪੱਖੀ ਅਤੇ ਸਮੁੱਚੇ ਸੰਸਾਰ ਨੂੰ ਮੁਹੱਬਤ ਅਤੇ ਸਤਿਕਾਰ ਦਾ ਸੰਦੇਸ਼ ਦਿੰਦੀਆਂ ਹਨ। ਇੱਥੇ ਇਹ ਵੀ ਵਰਣਨ ਕਰਨਾ ਜਰੂਰੀ ਹੈ ਕਿ ਸਿੱਖ ਕੌਮ ਦਾ ਉੱਚੇ-ਸੁੱਚੇ ਕਿਰਦਾਰ ਨੂੰ ਭਾਈ ਘਨੱਈਆ ਜੀ ਵੱਲੋਂ ਜੰਗ ਸਮੇਂ ਦੁਸ਼ਮਣਾਂ ਨੂੰ ਵੀ ਪਾਣੀ ਪਿਲਾਉਣ ਦੇ ਵੱਡੇ ਅਰਥ ਭਰਪੂਰ ਮਕਸਦ ਨਾਲ ਜੁੜਿਆ ਹੋਇਆ ਹੈ। ਜਦੋਂ ਭਾਈ ਘਨੱਈਆ ਜੀ ਦੀ ਸ਼ਿਕਾਇਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਕੀਤੀ ਗਈ ਕਿ ਭਾਈ ਘਨੱਈਆ ਜੀ ਦੁਸ਼ਮਣਾਂ ਨੂੰ ਪਾਣੀ ਪਿਲਾ ਰਹੇ ਹਨ ਤਾਂ ਗੁਰੂ ਸਾਹਿਬ ਦੇ ਬੁਲਾਉਣ ਤੇ ਭਾਈ ਘਨੱਈਆ ਜੀ ਦਾ ਜੁਆਬ ਸੀ ਕਿ ਮੈਨੂੰ ਤਾਂ ਸਭਨਾਂ ਵਿੱਚ ਆਪ ਜੀ ਦਾ ਹੀ ਰੂਪ ਦਿਖ ਰਿਹਾ ਹੈ ਤਾਂ ਗੁਰੂ ਸਾਹਿਬ ਨੇ ਇਸ ਮਨੁੱਖਤਾ ਪੱਖੀ ਵੱਡਮੁੱਲੀ ਸੋਚ ਨੂੰ ਹੋਰ ਮਜਬੂਤ ਕਰਦੇ ਹੋਏ ਭਾਈ ਘਨੱਈਆ ਜੀ ਨੂੰ ਮੱਲ੍ਹਮ ਅਤੇ ਪੱਟੀ ਵੀ ਦਿੱਤੀ ਕਿ ਸਭ ਜਖਮੀਆਂ ਨੂੰ ਪਾਣੀ ਪਿਲਾਉਣ ਦੇ ਨਾਲ-ਨਾਲ ਮੱਲ੍ਹਮ ਤੇ ਪੱਟੀ ਵੀ ਕੀਤੀ ਜਾਵੇ। ਜਿਸ ਤੋਂ ਸਿੱਖ ਕੌਮ ਦੀ ਇਨਸਾਨੀਅਤ ਤੇ ਮਨੁੱਖਤਾ ਨਾਲ ਪਿਆਰ ਦਾ ਵੱਡਾ ਸੰਦੇਸ਼ ਪ੍ਰਤੱਖ ਹੈ। ਲੇਕਿਨ ਹਿੰਦੂਤਵ ਹੁਕਮਰਾਨ ਸਾਡੀਆਂ ਇੰਨ੍ਹਾਂ ਮਹਾਨ ਰਵਾਇਤਾਂ, ਰੀਤੀਆਂ, ਸੱਭਿਆਚਾਰ, ਵਿਰਸੇ ਵਿਰਾਸਤ ਨੂੰ ਤਬਦੀਲ ਕਰਨ ਦੀਆਂ ਸਾਜਿਸ਼ਾਂ ਤੇ ਕੰਮ ਕਰ ਰਹੇ ਹਨ। ਜਿਸ ਨੂੰ ਸਿੱਖ ਕੌਮ ਕਦਾਚਿਤ ਨਾ ਤਾਂ ਸਹਿਣ ਕਰ ਸਕਦੀ ਹੈ ਨਾ ਹੀ ਪ੍ਰਵਾਨ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਸਾਡੀ ਹਿੰਦੂਤਵ ਹਕੂਮਤ ਵਿੱਚ ਕਿਸੇ ਵੀ ਸਮਾਜਿਕ, ਧਾਰਮਿਕ, ਰਾਜਨੀਤਿਕ, ਇਖਲਾਕੀ ਆਦਿ ਖੇਤਰ ਵਿੱਚ ਕੋਈ ਸੁਰੱਖਿਆ ਨਹੀਂ। 1947 ਤੋਂ ਲੈ ਕੇ ਅੱਜ ਤੱਕ ਇਹ ਹਿੰਦੂਤਵ ਹੁਕਮਰਾਨ ਸਰਬੱਤ ਦਾ ਭਲਾ ਲੋੜਨ ਵਾਲੀ ਸਿੱਖ ਕੌਮ ਨਾਲ ਵੱਡੇ ਪੱਧਰ ਤੇ ਬੇਇਨਸਾਫੀ, ਵਿਤਕਰੇ, ਜ਼ਬਰ ਜੁਲਮ ਕਰਦੇ ਆ ਰਹੇ ਹਨ। ਬੀਤੇ ਸਮੇਂ ਵਿੱਚ ਸਾਡੇ ਗੁਰਧਾਮਾਂ ਉੱਤੇ ਫ਼ੌਜੀ ਹਮਲੇ ਕਰਕੇ ਢਹਿ ਢੇਰੀ ਕੀਤੇ। ਨਿਰਦੋਸ਼, ਨਿਹੱਥੇ ਸ਼ਕਰਧਾਲੂਆਂ ਉੱਤੇ ਗੋਲੀਆਂ ਚਲਾ ਕੇ ਸ਼ਹੀਦ ਕੀਤੇ ਗਏ। ਉਪਰੰਤ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਨੌਜਵਾਨੀ ਨੂੰ ਸ਼ਹੀਦ ਕੀਤਾ ਗਿਆ। ਜੰਗਾਂ-ਯੁੱਧਾਂ ਸਮੇਂ ਵੀ ਸਿੱਖ ਕੌਮ ਨੂੰ ਹੀ ਸਰਹੱਦਾਂ ਉੱਤੇ ਅੱਗੇ ਕਰਕੇ ਸ਼ਹੀਦ ਹੋਣ ਲਈ ਭੇਜ ਦਿੱਤਾ ਜਾਂਦਾ ਹੈ। ਇੱਥੋਂ ਤੱਕ ਸਾਡੇ ਕੀਮਤੀ ਪਾਣੀਆਂ ਤੇ ਬਿਜਲੀ ਵੀ ਜ਼ਬਰੀ ਹੁਕਮਰਾਨਾਂ ਵੱਲੋਂ ਖੋਹੇ ਜਾ ਰਹੇ ਹਨ। ਸਾਨੂੰ ਡੈਮਾਂ ਦੇ ਪਾਣੀਆਂ ਨੂੰ ਰਾਤੋ-ਰਾਤ ਛੱਡ ਕੇ ਡਬੋ ਕੇ ਸਾਡਾ ਜਾਨੀ ਤੇ ਮਾਲੀ ਨੁਕਸਾਨ ਕਰ ਦਿੱਤਾ ਜਾਂਦਾ ਹੈ। ਇਹ ਹੋਰ ਵੀ ਅਫਸੋਸ ਵਾਲੀ ਕਾਰਵਾਈ ਹੈ ਕਿ ਵਜੀਰ-ਏ-ਆਜਮ ਇਸ ਦੁੱਖ ਦੀ ਘੜੀ ਵਿੱਚ 15 ਦਿਨਾਂ ਬਾਅਦ ਪੰਜਾਬ ਆ ਕੇ ਇੱਕ ਚਿੱੜੀ ਦੀ ਬਿੱਠ ਜਿੰਨੀ ਮਦਦ ਦੇ ਕੇ ਪ੍ਰਚਾਰ ਕਰਦੇ ਹਨ। ਹਿਮਾਚਲ ਵਿੱਚ ਹੁਣੇ ਹੀ ਜੱਜਾਂ ਦੀ ਨਿਯੁਕਤੀ ਕੀਤੀ ਗਈ ਹੈ ਜਿਸ ਵਿੱਚ ਕੋਈ ਵੀ ਸਿੱਖ ਜੱਜ ਨਹੀਂ ਲਗਾਇਆ ਗਿਆ।

ਆਈ.ਏ.ਐਸ ਅਤੇ ਆਈ.ਪੀ.ਐਸ ਅਫਸਰਸਾਹੀ ਵਿੱਚ ਹਿੰਦੂਤਵ ਸੋਚ ਵਾਲਿਆਂ ਦੀ ਗਿਣਤੀ ਵਧਾਈ ਜਾ ਰਹੀ ਹੈ। ਸਰਬੱਤ ਦਾ ਭਲਾ ਲੋੜਨ ਵਾਲੀ ਸਿੱਖ ਕੌਮ ਦੀ ਇੰਨ੍ਹਾਂ ਨਿਯੁਕਤੀਆਂ ਵਿੱਚ ਸਾਜਸੀ ਢੰਗਾਂ ਰਾਹੀਂ ਗਿਣਤੀ ਘਟਾਈ ਜਾ ਰਹੀ ਹੈ। ਇੱਥੋਂ ਤੱਕ ਚੰਡੀਗੜ੍ਹ ਜਿਸ ਵਿੱਚ 60-40 % ਨਾਲ ਅਫਸਰਾਂ ਦੀ ਤਾਇਨਾਤੀ ਹੁੰਦੀ ਹੈ, ਉਸ ਵਿੱਚ ਇਸੇ ਸੋਚ ਅਧੀਨ 78-80% ਹਿੰਦੂਤਵ ਸੋਚ ਵਾਲੀ ਅਫਸਰਸ਼ਾਹੀ ਲਗਾਈ ਗਈ ਹੈ। ਜੋ ਤਹਿਸ਼ੁਦਾ ਨਿਯਮਾਂ ਦੀ ਵੀ ਉਲੰਘਣਾ ਹੈ। ਜੋ ਹੁਣੇ ਹੀ ਪੰਜਾਬ ਦੇ ਹੜ੍ਹ ਪੀੜਤਾਂ ਦੀ ਮਦਦ ਲਈ 1600 ਕਰੋੜ ਰੁਪਇਆ ਆਇਆ ਹੈ, ਉਹ ਪੰਜਾਬ ਸਰਕਾਰ ਨੇ ਕਿੱਥੇ ਗਬਨ ਕਰ ਦਿੱਤਾ ਹੈ, ਇਸ ਬਾਰੇ ਪੰਜਾਬੀਆਂ ਅਤੇ ਹੜ੍ਹ ਪੀੜ੍ਹਤਾਂ ਲਈ ਕੁਝ ਨਹੀਂ ਕੀਤਾ ਗਿਆ। ਇਹ ਬੇਇਨਸਾਫ਼ੀਆਂ, ਵਿਤਕਰੇ ਨਿਰੰਤਰ ਹੁੰਦੇ ਆ ਰਹੇ ਹਨ। ਹੁਣ ਸਾਡੇ ਪੰਜਾਬ ਦੀਆਂ ਮਹਾਨ ਮਨੁੱਖਤਾ ਪੱਖੀ ਰਵਾਇਤਾਂ, ਸੱਭਿਆਚਾਰ, ਰੀਤੀਆਂ ਨੂੰ ਵੀ ਖੋਰਾ ਲਗਾਇਆ ਜਾ ਰਿਹਾ ਹੈ। ਜਿਸ ਨੂੰ ਸਿੱਖ ਕੌਮ ਨੇ ਨਾ ਤਾਂ ਕਦੇ ਪਹਿਲਾਂ ਪ੍ਰਵਾਨ ਕੀਤਾ ਹੈ ਅਤੇ ਨਾ ਹੀ ਆਉਣ ਵਾਲੇ ਸਮੇਂ ਵਿੱਚ ਆਪਣੀਆਂ ਮਹਾਨ ਰਵਾਇਤਾਂ ਨੂੰ ਆਂਚ ਆਉਣ ਦੇਵੇਗੀ। ਅਸੀਂ ਆਪਣੇ ਸੱਭਿਆਚਾਰ, ਵਿਰਸੇ ਵਿਰਾਸਤ ਤੇ ਹਰ ਕੀਮਤ ਤੇ ਪਹਿਰਾ ਦੇਵਾਂਗੇ ਅਤੇ ਹਕੂਮਤਾਂ ਵੱਲੋਂ ਸਾਡੇ ਸੱਭਿਆਚਾਰ, ਵਿਰਸੇ ਵਿਰਾਸਤ ਨੂੰ ਵਿਗਾੜਨ ਦੀ ਇਜਾਜ਼ਤ ਕਦਾਚਿਤ ਨਹੀਂ ਦੇਵਾਂਗੇ। ਸ. ਮਾਨ ਨੇ ਸਮੁੱਚੀਆਂ ਸਿੱਖ ਸੰਸਥਾਵਾਂ, ਸੰਗਠਨਾਂ, ਐਸ.ਜੀ.ਪੀ.ਸੀ, ਟਕਸਾਲ ਆਦਿ ਸਭਨਾਂ ਨੂੰ ਆਪਣੀਆਂ ਮਹਾਨ ਪ੍ਰੰਪਰਾਵਾਂ ਦਾ ਹੁਕਮਰਾਨਾਂ ਵੱਲੋਂ ਸਾਜਸੀ ਢੰਗਾਂ ਨਾਲ ਉਲੰਘਣ ਕਰਨ ਉੱਤੇ ਸੁਚੇਤ ਕਰਦੇ ਹੋਏ ਕਿਹਾ ਕਿ ਭਾਵੇਂ ਅਸੀਂ ਹਿੰਦੂਤਵ ਗੁਲਾਮੀਅਤ ਦੀ ਵਿਦੇਸ਼ੀ ਰਾਜ ਭਾਗ ਹੇਠ ਵਿਚਰ ਰਹੇ ਹਾਂ। ਪਰ ਸਾਨੂੰ ਆਪਣੀਆਂ ਰਵਾਇਤਾਂ ਤੇ ਸੋਚ ਉੱਤੇ ਬਿਲਕੁਲ ਵੀ ਆਂਚ ਨਹੀਂ ਆਉਣ ਦੇਣੀ ਚਾਹੀਦੀ। ਜੇਕਰ ਹੁਕਮਰਾਨ ਅਜਿਹਾ ਕਰਦੇ ਹਨ ਤਾਂ ਸਾਨੂੰ ਸਮੂਹਿਕ ਤੌਰ ਤੇ ਉਸਦਾ ਸੰਸਾਰ ਪੱਧਰ ਤੇ ਰੋਸ ਦਰਜ ਕਰਦੇ ਹੋਏ ਵਿਰੋਧ ਕਰਨਾ ਬਣਦਾ ਹੈ।

ਸਿੱਖ ਵੱਸੋਂ ਵਾਲੇ ਇਲਾਕਿਆਂ ਨੂੰ ਯੂ.ਐਨ ਤੁਰੰਤ ਨੋ ਫਲਾਈ ਜੋਨ ਐਲਾਨ ਕਰਕੇ ਸਿੱਖਾਂ ਦੀ ਹਰ ਪੱਖੋਂ ਹਿਫਾਜ਼ਤ ਦੀ ਜਿੰਮੇਵਾਰੀ ਨਿਭਾਏ: ਮਾਨ

ਫ਼ਤਹਿਗੜ੍ਹ ਸਾਹਿਬ, 09 ਅਕਤੂਬਰ 2025 "ਇੰਡੀਆਂ ਦੇ ਰੱਖਿਆ ਵਜੀਰ ਸ੍ਰੀ ਰਾਜਨਾਥ ਸਿੰਘ ਕਹਿ ਰਹੇ ਹਨ ਕਿ ਅਸੀਂ ਪਾਕਿਸਤਾਨ ਨੂੰ ਜਗਰਾਫੀਆ ਤੌਰ ਤੇ ਬਦਲ ਦਿੱਤਾ ਹੈ ਅਤੇ ਹੁਣ ਇਤਿਹਾਸਿਕ ਤੌਰ ਤੇ ਵੀ ਬਦਲਾਂਗੇ। ਉੱਧਰ ਪਾਕਿਸਤਾਨ ਦੇ ਰੱਖਿਆ ਵਜੀਰ ਜਨਾਬ ਖਵਾਜਾ ਮੁਹੰਮਦ ਆਸਿਫ ਕਹਿ ਰਹੇ ਹਨ ਕਿ ਅਸੀਂ ਇੰਡੀਆ ਨਾਲ ਸਿੰਝਣ ਲਈ ਹਰ ਤਰ੍ਹਾਂ ਤਿਆਰ ਹਾਂ। ਜੇਕਰ ਜੰਗ ਲੱਗ ਗਈ ਤਾਂ ਇਸ ਸੂਰਤ ਵਿੱਚ ਤਾਂ ਪ੍ਰਮਾਣੂ ਹਥਿਆਰਾਂ ਦੀ ਬਦੌਲਤ ਸਿੱਖ ਵੱਸੋਂ ਵਾਲੇ ਇਲਾਕਿਆਂ ਪੰਜਾਬ, ਹਰਿਆਣਾ, ਹਿਮਾਚਲ, ਰਾਜਸਥਾਨ, ਚੰਡੀਗੜ੍ਹ, ਯੂ.ਟੀ ਜੰਮੂ-ਕਸ਼ਮੀਰ, ਲੇਹ-ਲਦਾਖ ਅਤੇ ਗੁਜਰਾਤ ਦੇ ਕੱਛ ਤਾਂ ਨਾਸਵਾਨ ਹੋ ਕੇ ਰਹਿ ਜਾਣਗੇ ਅਤੇ ਸਿੱਖ ਵੱਸੋਂ ਤਾਂ ਬਿਲਕੁਲ ਵੀ ਖਤਮ ਹੋ ਜਾਵੇਗੀ। ਜਦੋਂਕਿ ਸਿੱਖ ਕੌਮ ਤੇ ਪੰਜਾਬੀ ਤਾਂ ਕਦੀ ਵੀ ਜੰਗਾਂ-ਯੁੱਧਾਂ ਨੂੰ ਨਹੀਂ ਚਾਹੁੰਦੇ ਅਤੇ ਉਹ ਜਮਹੂਰੀਅਤ ਅਤੇ ਅਮਨਮਈ ਸੋਚ ਵਿੱਚ ਵਿਸ਼ਵਾਸ ਰੱਖਦੇ ਹਨ। ਜੰਗ ਲੱਗਣ ਦੀ ਸੂਰਤ ਵਿੱਚ ਇਹ ਸਿੱਖ ਵੱਸੋਂ ਵਾਲੇ ਇਲਾਕੇ ਹੀ ਮੈਦਾਨ-ਏ-ਜੰਗ ਬਣਨਗੇ। ਇਸ ਲਈ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਕੌਮਾਂਤਰੀ ਸੰਸਥਾ ਯੂ.ਐਨ ਨੂੰ ਇਹ ਸੰਜ਼ੀਦਗੀ ਭਰੀ ਅਪੀਲ ਕਰਨੀ ਚਾਹੇਗਾ ਕਿ ਉਹ ਮੋਹਰੀ ਤੇ ਜਿੰਮੇਵਾਰੀ ਵਾਲੀ ਭੂਮਿਕਾ ਨਿਭਾ ਕੇ ਉਪਰੋਕਤ ਸਿੱਖ ਵੱਸੋਂ ਵਾਲੇ ਇਲਾਕਿਆਂ ਨੂੰ ਤੁਰੰਤ ਕੌਮਾਂਤਰੀ ਕਾਨੂੰਨਾਂ ਅਨੁਸਾਰ ਨੋ ਫਲਾਈ ਜੋਨ ਦਾ ਐਲਾਨ ਕਰਕੇ ਸਾਡੀ ਸਿੱਖ ਵੱਸੋਂ ਨੂੰ ਸੁਰੱਖਿਅਤ ਕਰਨ ਦੇ ਯਕੀਨੀ ਬਣਾਏ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਇੰਡੀਆ ਅਤੇ ਪਾਕਿਸਤਾਨ ਜੋ ਦੋਵੇਂ ਪ੍ਰਮਾਣੂ ਹਥਿਆਰਾਂ ਤੇ ਤਕਨੀਕ ਨਾਲ ਲੈਸ ਹਨ, ਉਨ੍ਹਾਂ ਵੱਲੋਂ ਇੱਕ-ਦੂਸਰੇ ਵਿਰੁੱਧ ਜੰਗ ਲਗਾਉਣ ਤੇ ਹਰ ਤਰ੍ਹਾਂ ਦਾ ਮੁਕਾਬਲਾ ਕਰਨ ਦੀਆਂ ਕੀਤੀਆਂ ਜਾ ਰਹੀਆਂ ਗੱਲਾਂ ਉੱਤੇ ਸਿੱਖ ਵੱਸੋਂ ਵਾਲੇ ਇਲਾਕਿਆਂ ਦਾ ਵੱਡਾ ਨੁਕਸਾਨ ਹੋ ਜਾਣ ਉੱਤੇ ਗਹਿਰੀ ਚਿੰਤਾ ਜਾਹਰ ਕਰਦੇ ਹੋਏ ਅਤੇ ਯੂ.ਐਨ ਦੀ ਸੰਸਥਾਂ ਨੂੰ ਫੌਰੀ ਹਾਲਾਤਾਂ ਨੂੰ ਮੱਦੇਨਜਰ ਰੱਖਦੇ ਹੋਏ ਪੰਜਾਬ, ਹਰਿਆਣਾ, ਹਿਮਾਚਲ, ਰਾਜਸਥਾਨ, ਚੰਡੀਗੜ੍ਹ, ਯੂ.ਟੀ ਜੰਮੂ-ਕਸ਼ਮੀਰ, ਲੇਹ-ਲਦਾਖ ਅਤੇ ਗੁਜਰਾਤ ਦੇ ਕੱਛ ਇਲਾਕਿਆਂ ਦੀ ਸੁਰੱਖਿਆ ਲਈ ਨੋ ਫਲਾਈ ਜੋਨ ਐਲਾਨ ਕਰਨ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਜਦੋਂ 2 ਤਲਵਾਰਾਂ ਬਰਾਬਰ ਦੀਆਂ

ਤਿੱਖੀਆਂ ਹੋਣਗੀਆਂ ਤਾਂ ਕੋਈ ਵੀ ਤਲਵਾਰ ਮਿਆਨ ਵਿੱਚੋਂ ਬਾਹਰ ਨਹੀਂ ਆਵੇਗੀ। ਜਦੋਂ ਇੰਡੀਆ ਹਥਿਆਰਾਂ ਤੇ ਅਸਲੇ ਵਿੱਚ ਮਜਬੂਤ ਕਹਿੰਦਾ ਹੈ ਤਾਂ ਪਾਕਿਸਤਾਨ ਵੀ ਇਸ ਮੁੱਦੇ ਤੇ ਮਜਬੂਤ ਹੋਣਾ ਚਾਹੀਦਾ ਹੈ। ਜਿਸ ਨਾਲ ਕੇਵਲ ਸਿੱਖ ਵੱਸੋਂ ਵਾਲੇ ਇਲਾਕੇ ਹੀ ਨਹੀਂ ਬਲਕਿ ਏਸ਼ੀਆ ਖਿੱਤੇ ਦਾ ਅਮਨ ਚੈਨ ਵੀ ਕਾਇਮ ਰਹਿ ਸਕੇਗਾ। ਸ. ਮਾਨ ਨੇ ਉਮੀਦ ਪ੍ਰਗਟ ਕੀਤੀ ਕਿ ਯੂ.ਐਨ ਸੰਸਥਾਂ ਜੋ ਅਕਸਰ ਹੀ ਕਿਸੇ ਵੀ ਮੁਲਕ ਜਾਂ ਜੰਗਾਂ-ਯੁੱਧਾਂ ਵਿੱਚ ਹੋਣ ਵਾਲੇ ਮਨੁੱਖੀ ਅਧਿਕਾਰਾਂ ਦੇ ਉਲੰਘਣ ਨੂੰ ਰੋਕਣ ਲਈ ਹਮੇਸ਼ਾਂ ਯਤਨਸ਼ੀਲ ਰਹਿੰਦੀ ਹੈ, ਉਹ ਸਾਡੇ ਸਿੱਖ ਵੱਸੋਂ ਵਾਲੇ ਇਲਾਕਿਆਂ ਨੂੰ ਜਲਦੀ ਹੀ ਨੋ ਫਲਾਈ ਜੋਨ ਐਲਾਨ ਕਰਕੇ ਘੱਟ ਗਿਣਤੀ ਸਿੱਖ ਕੌਮ ਨੂੰ ਇੰਡੀਆ ਵਿੱਚ ਸੁਰੱਖਿਅਤ ਕਰਨ ਦੀ ਜਿੰਮੇਵਾਰੀ ਪੂਰਨ ਕਰੇਗੀ।

ਹਰਿਆਣਾ ਦੇ ਏ.ਡੀ.ਜੀ.ਪੀ ਸ੍ਰੀ ਪੂਰਨ ਕੁਮਾਰ ਵੱਲੋਂ ਕੀਤੀ ਖੁਦਕਸ਼ੀ ਦੀ ਉੱਚ ਪੱਧਰੀ ਜਾਂਚ ਹੋਵੇ, ਦੋਸ਼ੀ ਭਾਵੇਂ ਕਿੰਨੇ ਵੀ ਉੱਚ ਅਹੁੱਦੇ ਤੇ ਕਿਉਂ ਹੋਵੇ ਕਾਨੂੰਨ ਅਨੁਸਾਰ ਸਜ਼ਾ ਮਿਲੇ: ਮਾਨ

ਫ਼ਤਹਿਗੜ੍ਹ ਸਾਹਿਬ, 10 ਅਕਤੂਬਰ 2025 "ਇੱਕ ਆਈ.ਪੀ.ਐਸ ਰੈਂਕ ਦੇ ਹਰਿਆਣੇ ਦੇ ਉੱਚ ਅਫਸਰ ਸ੍ਰੀ ਪੂਰਨ ਕੁਮਾਰ ਵੱਲੋਂ ਜੋ 2 ਦਿਨ ਪਹਿਲੇ ਖੁਦਕੁਸ਼ੀ ਕੀਤੀ ਗਈ ਹੈ, ਉਸ ਦੁਖਾਂਤ ਵਿੱਚ ਹਰਿਆਣੇ ਨਾਲ ਸੰਬੰਧਤ ਕਈ ਆਈ.ਏ.ਐਸ ਅਤੇ ਪੁਲਿਸ ਅਫਸਰਾਂ ਦੇ ਨਾਮ ਪ੍ਰਤੱਖ ਰੂਪ ਵਿੱਚ ਸਾਹਮਣੇ ਆ ਰਹੇ ਹਨ, ਕਿਉਂਕਿ ਕੁਝ ਅਫਸਰਾਨ ਵੱਲੋਂ ਸ੍ਰੀ ਪੂਰਨ ਕੁਮਾਰ ਨੂੰ ਕੁਝ ਸਮੇਂ ਤੋਂ ਗਲਤ ਢੰਗ-ਤਰੀਕਿਆਂ ਰਾਹੀਂ ਵੱਡੇ ਪ੍ਰੇਸ਼ਾਨ ਅਤੇ ਮਾਨਸਿਕ ਪੀੜ੍ਹਾ ਦਿੱਤੀ ਜਾ ਰਹੀ ਸੀ। ਇਹ ਹੋਰ ਵੀ ਦੁੱਖ ਅਤੇ ਅਫਸੋਸ ਵਾਲੀ ਕਾਰਵਾਈ ਹੈ ਕਿ ਉਨ੍ਹਾਂ ਨੂੰ ਇੱਕ ਦਲਿਤ ਅਫਸਰ ਹੋਣ ਦੀ ਬਦੌਲਤ ਜਾਤੀਵਾਦ ਅਤੇ ਨਸਲਵਾਦ ਦੀ ਨਫਰਤ ਭਰੀ ਸੋਚ ਅਧੀਨ ਇਹ ਮਾਨਸਿਕ ਤਸ਼ਦੱਦ ਢਾਹਿਆ ਜਾ ਰਿਹਾ ਸੀ। ਜਿਸਨੇ ਉਨ੍ਹਾਂ ਨੂੰ ਇਸ ਦੁਖਾਂਤ ਵੱਲ ਧਕੇਲਣ ਲਈ ਮਜਬੂਰ ਕੀਤਾ। ਇਸ ਸੰਬੰਧ ਵਿੱਚ ਉਨ੍ਹਾਂ ਨੇ ਦੋਸ਼ੀ ਅਫਸਰਾਨ ਵਿਰੁੱਧ ਪਟੀਸ਼ਨ ਵੀ ਪਾਈ ਹੋਈ ਸੀ। ਲੇਕਿਨ ਹਕੂਮਤੀ ਅਤੇ ਕਾਨੂੰਨੀ ਪੱਧਰ ਤੇ ਕੋਈ ਅਮਲ ਨਾ ਹੋਣ ਦੀ ਬਦੌਲਤ ਉਨ੍ਹਾਂ ਦੇ ਮਨ-ਆਤਮਾ ਉੱਤੇ ਇਸ ਘਟਨਾ ਦਾ ਵੱਡਾ ਬੋਝ ਸੀ। ਜਿਸ ਕਾਰਨ ਹਾਲਾਤਾਂ ਨੇ ਉਨ੍ਹਾਂ ਨੂੰ ਖੁਦਕੁਸ਼ੀ ਵੱਲ ਧਕੇਲਿਆ। ਇਸ ਲਈ ਇਹ ਜਰੂਰੀ ਹੈ ਕਿ ਇੱਕ ਦਲਿਤ ਉੱਚ ਅਫਸਰ ਨਾਲ ਬਹੁਗਿਣਤੀ ਨਾਲ ਸੰਬੰਧਤ ਕੁਝ ਅਫਸਰਾਂ ਵੱਲੋਂ ਕੀਤੀ ਜਾਂਦੀ ਆ ਰਹੀ ਜ਼ਿਆਦਤੀ ਦੀ ਬਦੌਲਤ ਹੋਈ ਖੁਦਕੁਸ਼ੀ ਦੀ ਉੱਚ ਪੱਧਰੀ ਜਾਂਚ ਹੋਵੇ ਅਤੇ ਜੋ ਵੀ ਆਈ.ਏ.ਐਸ ਜਾਂ ਆਈ.ਪੀ.ਐਸ ਅਫਸਰਾਨ ਇਸ ਦੁਖਾਂਤ ਵਿੱਚ ਸ਼ਾਮਿਲ ਹਨ, ਉਨ੍ਹਾਂ ਨੂੰ ਫੌਰੀ ਕਾਨੂੰਨ ਅਨੁਸਾਰ ਬਣਦੀ ਸਜ਼ਾ ਦੇਣ ਦਾ ਪ੍ਰਬੰਧ ਹੋਵੇ ਤਾਂ ਕਿ ਕੋਈ ਵੀ ਅਫਸਰ ਸਮਾਜ ਵਿੱਚ ਘੱਟ ਗਿਣਤੀ ਕੌਮਾਂ ਤੇ ਬਹੁਗਿਣਤੀ ਕੌਮਾਂ ਵਿੱਚ ਨਫਰਤ ਪੈਦਾ ਕਰਨ ਅਤੇ ਨਸਲਵਾਦ ਦੀ ਸੋਚ ਨੂੰ ਬੁੜਾਵਾ ਦੇਣ ਦੀ ਗੁਸਤਾਖੀ ਨਾ ਕਰ ਸਕੇ ਅਤੇ ਕਿਸੇ ਵੀ ਇਨਸਾਨ ਨੂੰ ਇਸ ਤਰ੍ਹਾਂ ਆਪਣੀ ਜਿੰਦਗੀ ਤੋਂ ਹੱਥ ਧੋਣ ਲਈ ਮਜਬੂਰ ਨਾ ਹੋਣਾ ਪਵੇ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਹਰਿਆਣੇ ਦੇ ਇੱਕ ਦਲਿਤ ਆਈ.ਪੀ.ਐਸ ਅਫਸਰ ਨਾਲ ਕੁਝ ਗਲਤ ਸੋਚ ਵਾਲੇ ਅਫਸਰਾਂ ਵੱਲੋਂ ਕੀਤੀ ਜ਼ਿਆਦਤੀ ਉਪਰੰਤ ਹੋਈ ਖੁਦਕੁਸ਼ੀ ਦੀ ਨਿਰਪੱਖਤਾ ਨਾਲ ਜਾਂਚ ਕਰਵਾਉਣ ਅਤੇ ਦੋਸ਼ੀ ਨੂੰ ਫੌਰੀ ਬਣਦੀ ਸਜ਼ਾ ਦਿਵਾਉਣ ਦੀ ਅਪੀਲ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਹਿੰਦੂਤਵ ਸੋਚ ਵਾਲੇ ਆਪਣੇ ਆਪ ਨੂੰ ਆਰੀਅਨ ਅਖਵਾ ਕੇ ਉੱਚ ਦਰਜੇ ਦੇ ਮੰਨਦੇ ਹਨ ਅਤੇ ਦੂਸਰੀਆਂ ਕੌਮਾਂ ਨਾਲ ਸੰਬੰਧਤ ਨਿਵਾਸੀਆਂ ਨੂੰ ਹਰ ਸਮੇਂ ਨਸਲਵਾਦੀ, ਫਿਰਕੂ ਸੋਚ ਰਾਹੀ ਨਿਸ਼ਾਨਾਂ ਬਣਾਉਣ ਅਤੇ ਨੀਵਾਂ ਦਿਖਾਉਣ ਦੇ ਸਮਾਜ ਵਿਰੋਧੀ ਦੁੱਖਦਾਇਕ ਅਮਲ ਉੱਤੇ ਕਰਦੇ ਆ ਰਹੇ ਹਨ ਜਿਵੇਂ ਨਾਜੀ ਆਰੀਅਨ ਉੱਚ ਦਰਜੇ ਦੇ ਅਖਵਾ ਕੇ ਦੂਜਿਆ ਨੂੰ ਗੈਰ ਚੈਬਰਾਂ ਵਿੱਚ ਅਣਮਨੁੱਖੀ ਢੰਗਾਂ ਰਾਹੀਂ ਤਸ਼ਦੱਦ ਕਰਕੇ ਖਤਮ ਕਰ ਦਿੰਦੇ ਸਨ। ਸ. ਮਾਨ ਨੇ ਸ੍ਰੀ ਪੂਰਨ ਕੁਮਾਰ ਦੀ ਹੋਈ ਦੁਖਾਂਤਿਕ ਮੌਤ ਉੱਤੇ ਉਨ੍ਹਾਂ ਦੀ ਸੁਪਤਨੀ ਅਮਨੀਤ ਪੂਰਨ ਕੁਮਾਰ ਜੋ ਖੁਦ ਵੀ ਇੱਕ ਆਈ.ਏ.ਐਸ ਅਫਸਰ ਹਨ। ਉਨ੍ਹਾਂ ਨਾਲ ਦੁੱਖ ਦੀ ਘੜੀ ਵਿੱਚ ਹਮਦਰਦੀ ਪ੍ਰਗਟ ਕਰਦੇ ਹੋਏ ਉਸ ਅਕਾਲ ਪੁਰਖ ਦੇ ਚਰਨਾਂ ਵਿੱਚ ਵਿਛੜੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਵੀ ਕੀਤੀ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇਸ ਹੋਏ ਜ਼ਬਰ ਵਿਰੁੱਧ ਆਪਣੀ ਜਿੰਮੇਵਾਰੀ ਸਮਝ ਕੇ ਇਨਸਾਫ਼ ਮਿਲਣ ਤੱਕ ਆਵਾਜ਼ ਬੁਲੰਦ ਕਰਦਾ ਰਹੇਗਾ।

ਮੈਗਜ਼ੀਨ
ਬਾਗ਼ੀ
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
ਅਕਤੂਬਰ 2025
ਅੰਕ-8
ਸੰਪਾਦਕ
ਰਸ਼ਪਿੰਦਰ ਕੌਰ ਗਿੱਲ

ਖ਼ਾਲਿਸਤਾਨ ਵਰਗੇ ਪਵਿੱਤਰ ਨਾਮ ਦੀ ਵਿਰੋਧਤਾ ਕਰਨ ਵਾਲੇ ਕਾਂਗਰਸੀ ਹੀ ਮੁਲਕ ਤੇ ਪੰਜਾਬ ਸੂਬੇ ਦੇ ਹਾਲਾਤ ਵਿਗਾੜਨ ਲਈ ਦੋਸ਼ੀ: ਮਾਨ

ਫ਼ਤਹਿਗੜ੍ਹ ਸਾਹਿਬ, 13 ਅਕਤੂਬਰ 2025 "ਜਦੋਂ 1947 ਵਿੱਚ ਕਾਂਗਰਸ ਜਮਾਤ ਦੇ ਕੱਟੜਵਾਦੀ ਆਗੂਆਂ ਨਹਿਰੂ, ਗਾਂਧੀ, ਪਟੇਲ ਆਦਿ ਨੇ ਜਦੋਂ ਅੰਗਰੇਜ਼ਾਂ ਨਾਲ ਮਿਲ ਕੇ ਮੁਲਕ ਦੀ ਵੰਡ ਕਰਵਾਈ ਸੀ। ਉਸ ਸਮੇਂ ਕਿਹੜੇ ਸਿੱਖਾਂ ਨੇ ਇਸ ਅਮਲ ਲਈ ਵੋਟਾਂ ਪਾਈਆ ਸਨ ਕਿ ਮੁਲਕ ਦੀ ਵੰਡ ਹੋਵੇ? ਲੇਕਿਨ ਉਪਰੋਕਤ ਆਗੂਆਂ ਨੇ ਆਪਣੇ ਸਵਾਰਥੀ ਹਿੱਤਾਂ ਨੂੰ ਮੁੱਖ ਰੱਖ ਕੇ ਇਹ ਗੈਰ ਧਾਰਮਿਕ, ਗੈਰ ਸਿਧਾਂਤਿਕ, ਗੈਰ ਭੂਗੋਲਿਕ ਤੇ ਗੈਰ ਸਮਾਜਿਕ ਵੰਡ ਕਰਵਾ ਦਿੱਤੀ। ਫਿਰ ਵੰਡ ਤੋਂ ਪਹਿਲੇ ਇੰਨ੍ਹਾਂ ਹਿੰਦੂਤਵ ਕਾਂਗਰਸੀ ਆਗੂਆਂ ਨੇ ਕਿਹਾ ਸੀ ਕਿ ਆਜਾਦੀ ਮਿਲਣ ਉਪਰੰਤ ਸਿੱਖ ਕੌਮ ਨੂੰ ਉੱਤਰੀ ਭਾਰਤ ਵਿੱਚ ਇੱਕ ਅਜਿਹਾ ਆਜਾਦ ਖਿੱਤਾ ਦਿੱਤਾ ਜਾਵੇਗਾ ਜਿਸ ਵਿੱਚ ਸਿੱਖ ਆਪਣੀ ਆਜਾਦੀ ਦਾ ਪੂਰਨ ਰੂਪ ਵਿੱਚ ਨਿੱਘ ਮਾਣ ਸਕਣਗੇ ਅਤੇ ਆਪਣੀਆਂ ਧਾਰਮਿਕ ਰਹੁਰੀਤੀਆਂ ਅਨੁਸਾਰ ਆਜਾਦੀ ਨਾਲ ਵਿਚਰ ਸਕਣਗੇ। ਉਸ ਵਾਅਦੇ ਤੋਂ ਵੀ ਇਹ ਮੁਕਾਰਤਾ ਨਾਲ ਭਰੇ ਆਗੂ ਮੁਨਕਰ ਹੋ ਗਏ ਅਤੇ ਇੰਨ੍ਹਾਂ ਨੇ ਸਾਬਤ ਕਰ ਦਿੱਤਾ ਕਿ ਇਹ ਧੋਖੇਬਾਜ ਹਨ। ਫਿਰ ਮਰਹੂਮ ਇੰਦਰਾ ਗਾਂਧੀ ਨੇ ਬਰਤਾਨੀਆ ਤੇ ਰੂਸ ਦੀਆਂ ਫ਼ੌਜਾਂ ਨਾਲ ਮਿਲ ਕੇ ਸਿੱਖਾਂ ਨੂੰ ਕੌਮੀ ਤੌਰ ਤੇ ਖਤਮ ਕਰਨ ਅਤੇ ਉਨ੍ਹਾਂ ਦੇ ਧਾਰਮਿਕ ਪਹਿਚਾਣ ਨੂੰ ਸੱਟ ਮਾਰਨ ਹਿੱਤ ਬਲਿਊ ਸਟਾਰ ਦਾ ਫ਼ੌਜੀ ਹਮਲਾ ਕਰਕੇ ਕੇਵਲ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਹੀ ਢਹਿ-ਢੇਰੀ ਨਹੀਂ ਕੀਤੀ, ਬਲਕਿ 36 ਹੋਰ ਗੁਰੂ ਘਰਾਂ ਤੇ ਹਮਲੇ ਕਰਕੇ ਸ੍ਰੀ ਦਰਬਾਰ ਸਾਹਿਬ ਨਿਹੱਥੇ, ਨਿਰਦੋਸ਼ 25 ਹਜਾਰ ਦੇ ਕਰੀਬ ਨਤਮਸਤਕ ਹੋਣ ਆਏ ਸ਼ਰਧਾਲੂਆਂ ਨੂੰ ਗੋਲੀਆਂ, ਬੰਬਾਂ ਨਾਲ ਕਤਲੇਆਮ ਕਰ ਦਿੱਤਾ। ਉਪਰੰਤ ਰਾਜੀਵ ਗਾਂਧੀ ਨੇ ਸਾਜਸੀ ਢੰਗ ਨਾਲ ਇੱਕ ਯੋਜਨਾਬੰਦ ਸੋਚ ਅਧੀਨ ਦਿੱਲੀ ਅਤੇ ਮੁਲਕ ਦੇ ਹੋਰ ਹਿੱਸਿਆਂ ਵਿੱਚ ਸਿੱਖਾਂ ਉੱਤੇ ਹਮਲੇ ਕਰਕੇ ਉਨ੍ਹਾਂ ਦਾ ਕਤਲੇਆਮ ਕਰਵਾਇਆ, ਬੀਬੀਆਂ ਦੀ ਬੇਪਤੀ ਕਰਵਾਈ, ਘਰ-ਬਾਰ ਤੇ ਕਾਰੋਬਾਰਾਂ ਨੂੰ ਅੱਗਾਂ ਲਗਾਉਣ ਦਾ ਅਣਮਨੁੱਖੀ ਤੇ ਗੈਰ ਕਾਨੂੰਨੀ ਕਾਰਵਾਈਆਂ ਕੀਤੀਆਂ। ਜਦੋਂ ਵਿਧਾਨ ਘਾੜਤਾ ਕਮੇਟੀ ਵਿੱਚ ਸਿੱਖ ਕੌਮ ਦੇ 2 ਨੁਮਾਇੰਦਿਆ ਸ. ਹੁਕਮ ਸਿੰਘ ਤੇ ਸ. ਭੁਪਿੰਦਰ ਸਿੰਘ ਮਾਨ ਨੇ ਦਸਤਖਤ ਹੀ ਨਹੀਂ ਕੀਤੇ, ਤਾਂ ਅਸੀਂ ਤਾਂ ਇਸ ਵਿਧਾਨ ਤੇ ਇਸ ਮੁਲਕ ਨੂੰ ਪ੍ਰਵਾਨ ਹੀ ਨਹੀਂ ਕੀਤਾ। ਫਿਰ ਅਸੀਂ ਤਾਂ ਇੱਥੋਂ ਦੇ ਨਾਗਰਿਕ ਹੀ ਨਹੀਂ ਹਾਂ। ਫਿਰ ਸਾਡਾ ਹਿੰਦੂਸਤਾਨ ਨਾਲ ਕਿਸ ਤਰ੍ਹਾਂ ਦਾ ਸੰਬੰਧ ਹੋ ਸਕਦਾ ਹੈ? ਅਸੀਂ ਤਾਂ ਬਾਬਾ ਬੰਦਾ ਸਿੰਘ ਬਹਾਦਰ ਦੇ ਖ਼ਾਲਸਾ ਰਾਜ ਦੇ ਸਮੇਂ ਤੋਂ ਹੀ ਖਾਲਿਸ ਅਤੇ ਮਨੁੱਖੀ ਕਦਰਾਂ ਕੀਮਤਾਂ ਦੇ ਹਾਮੀ, ਅਮਨ-ਚੈਨ ਤੇ ਜਮਹੂਰੀਅਤ ਨੂੰ ਕਾਇਮ ਰੱਖਣ ਵਾਲੇ, ਹਰ ਤਰ੍ਹਾਂ ਦੇ ਜ਼ਬਰ ਜੁਲਮ ਵਿਰੁੱਧ ਆਵਾਜ ਬੁਲੰਦ ਕਰਨ ਵਾਲੇ ਖਾਲਿਸਤਾਨੀ ਹਾਂ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਗੈਰ ਦਲੀਲ ਢੰਗ ਨਾਲ ਖ਼ਾਲਿਸਤਾਨ ਦੇ ਪਵਿੱਤਰ ਨਾਮ ਨੂੰ ਬਦਨਾਮ ਕਰਨ ਅਤੇ ਘੱਟ ਗਿਣਤੀ ਕੌਮਾਂ ਉੱਤੇ 1947 ਤੋਂ ਹੀ ਜ਼ਬਰ ਜੁਲਮ, ਵਿਤਕਰੇ ਅਤੇ ਬੇਇਨਸਾਫ਼ੀਆਂ ਢਾਹੁਣ ਵਾਲੀ ਕਾਂਗਰਸ ਜਮਾਤ ਤੇ ਸਿੱਖਾਂ ਦਾ ਕਤਲੇਆਮ ਕਰਨ ਵਾਲੀ ਕਾਂਗਰਸ ਜਮਾਤ ਦੇ ਉਪਰੋਕਤ ਬਿਆਨ ਉੱਤੇ ਤਿੱਖਾ ਪ੍ਰਤੀਕਰਮ ਜਾਹਰ ਕਰਦੇ ਹੋਏ ਅਤੇ ਖਾਲਿਸਤਾਨ ਦੇ ਖਾਲਸਾ ਰਾਜ ਦੀ ਸੱਚ ਉੱਤੇ ਪੈਰਵੀ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਮੌਜੂਦਾ ਹੁਕਮਰਾਨ ਬੀ.ਜੇ.ਪੀ ਜੋ ਉਪਰੋਕਤ ਕਾਂਗਰਸ ਦੀ ਤਰ੍ਹਾਂ ਪੰਜਾਬ ਸੂਬੇ, ਪੰਜਾਬੀਆਂ ਅਤੇ ਸਿੱਖ ਕੌਮ ਦੀ ਦੁਸ਼ਮਣ ਜਮਾਤ ਹੈ, ਉਸਦੇ ਮੌਜੂਦਾ ਵਜੀਰ-ਏ-ਆਜਮ ਸ੍ਰੀ ਮੋਦੀ ਤੇ ਉਸਦੀ ਜਾਲਮ ਜੁੰਡਲੀ ਨੇ ਹਰਦੀਪ ਸਿੰਘ ਨਿੱਝਰ, ਰਿਪੁਦਮਨ ਸਿੰਘ ਮਲਿਕ ਅਤੇ ਸੁਖਦੂਲ ਸਿੰਘ ਕੈਨੇਡਾ, ਅਵਤਾਰ ਸਿੰਘ ਖੰਡਾ ਬਰਤਾਨੀਆ, ਪਰਮਜੀਤ ਸਿੰਘ ਪੰਜਵੜ ਤੇ ਲਖਬੀਰ ਸਿੰਘ ਰੋਡੇ ਪਾਕਿਸਤਾਨ, ਦੀਪ ਸਿੰਘ ਸਿੱਧੂ ਹਰਿਆਣਾ, ਸੁਭਦੀਪ ਸਿੰਘ ਸਿੱਧੂ ਮੂਸੇਵਾਲਾ ਅਤੇ ਗੁਰਪ੍ਰੀਤ ਸਿੰਘ ਹਰੀਨੌ ਪੰਜਾਬ ਦਾ ਕਤਲੇਆਮ ਕਰਵਾਇਆ ਅਤੇ ਅਮਰੀਕਨ ਨਾਗਰਿਕ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਕੋਸ਼ਿਸ਼ ਕੀਤੀ। ਇੰਨ੍ਹਾਂ ਦੀ ਅਗਵਾਈ ਹੇਠ ਕੰਮ ਕਰਨ ਵਾਲੇ ਕੇ.ਪੀ.ਐਸ ਗਿੱਲ, ਇਜਹਾਰ ਆਲਮ, ਸੁਮੇਧ ਸੈਣੀ ਵਰਗੇ ਕਾਤਲ ਪੁਲਿਸ ਅਫਸਰਾਂ ਨੇ ਵੱਡੀ ਗਿਣਤੀ ਵਿੱਚ ਸਿੱਖ ਨੌਜਵਾਨੀ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਸ਼ਹੀਦ ਕੀਤਾ। ਫਿਰ ਖਾਲੜਾ ਕਮੇਟੀ ਦੀ ਰਿਪੋਰਟ ਅਨੁਸਾਰ 25 ਹਜਾਰ ਦੇ ਕਰੀਬ ਸਿੱਖ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਅਣਪਛਾਤੀਆਂ ਗਰਦਾਨਕੇ ਨਹਿਰਾਂ, ਦਰਿਆਵਾਂ ਵਿੱਚ ਰੋੜਿਆ ਗਿਆ ਜਾਂ ਫਿਰ ਸ਼ਮਸ਼ਾਨਘਾਟਾਂ ਵਿੱਚ ਸਿੱਖ ਰਵਾਇਤਾਂ ਨੂੰ ਨਜਰਅੰਦਾਜ ਕਰਕੇ ਉਨ੍ਹਾਂ ਦੇ ਸੰਸਕਾਰ ਜਬਰੀ ਕਰ ਦਿੱਤੇ ਗਏ। ਫਿਰ ਪੰਜਾਬ ਸੂਬੇ ਦੇ ਕੀਮਤੀ ਪਾਣੀਆਂ, ਬਿਜਲੀ ਜ਼ਬਰੀ ਗੈਰ ਕਾਨੂੰਨੀ ਢੰਗ ਨਾਲ ਦੂਜੇ ਸੂਬਿਆਂ ਨੂੰ ਦਿੱਤੇ ਗਏ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਸੰਬੰਧੀ

ਮੈਗਜ਼ੀਨ
ਬਾਗ਼ੀ
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
ਅਕਤੂਬਰ 2025
ਅੰਕ-8

ਸੰਪਾਦਕ
ਰਸ਼ਪਿੰਦਰ ਕੌਰ ਗਿੱਲ

ਸਾਜਿਸ਼ ਅਧੀਨ ਵਿਵਾਦ ਛੇੜ ਕੇ ਸਾਡੇ ਹੱਕਾਂ ਨੂੰ ਕੁੱਚਲਿਆ ਗਿਆ। ਫਿਰ ਸਿੱਖ ਕੌਮ ਦੀਆਂ ਭਾਵਨਾਵਾਂ ਦੇ ਵਿਰੁੱਧ ਜਾ ਕੇ ਐਸ.ਵਾਈ.ਐਲ ਨਹਿਰ ਕੱਢਣ ਦੀ ਕੋਸ਼ਿਸ਼ ਕੀਤੀ ਗਈ। ਪੰਜਾਬੀ ਬੋਲਦੇ ਇਲਾਕਿਆਂ ਨੂੰ ਬਾਹਰ ਰੱਖਿਆ ਗਿਆ। 2000 ਵਿੱਚ ਚਿੱਠੀਸਿੰਘਪੁਰਾ ਜੰਮੂ ਕਸ਼ਮੀਰ ਵਿਖੇ 43 ਨਿਰਦੋਸ਼ ਸਿੱਖਾਂ ਨੂੰ ਫ਼ੌਜ ਵੱਲੋਂ ਸ਼ਹੀਦ ਕਰਵਾਇਆ ਗਿਆ, 2013 ਵਿਚ ਗੁਜਰਾਤ ਵਿੱਚ 60 ਹਜਾਰ ਸਿੱਖ ਜਿੰਮੀਦਾਰਾਂ ਨੂੰ ਜ਼ਬਰੀ ਬੇਘਰ ਤੇ ਬੇਜਮੀਨੇ ਕਰ ਦਿੱਤਾ ਗਿਆ। ਕਿਸਾਨ ਅੰਦੋਲਨ ਸਮੇਂ ਪੰਜਾਬ ਸੂਬੇ ਨੂੰ ਪੂਰੇ ਮੁਲਕ ਨਾਲੋਂ ਕੱਟ ਦਿੱਤਾ ਗਿਆ। ਹੁਣ ਪੰਜਾਬ ਦੇ ਡੈਮਾਂ ਭਾਖੜਾ ਡੈਮ, ਥੀਨ ਡੈਮ, ਪੌਂਗ ਡੈਮ ਆਦਿ ਵਿੱਚ ਜ਼ਬਰੀ ਪਾਣੀ ਛੱਡ ਕੇ ਸਾਰੇ ਪੰਜਾਬ ਨੂੰ ਡਬੋਕੇ ਮਾਲੀ ਅਤੇ ਮਾਨਸਿਕ ਤੌਰ ਤੇ ਨੁਕਸਾਨ ਪਹੁੰਚਾਇਆ ਗਿਆ। ਅੱਜ ਜੋ ਕਾਂਗਰਸੀ ਲੋਕ ਤੇ ਜਮਾਤ ਹਿੰਦੂਸਤਾਨ ਤੇ ਹਿੰਦੂਤਵ ਦੀ ਗੱਲ ਕਰ ਰਹੇ ਹਨ ਇੰਨ੍ਹਾਂ ਨੇ ਨਿਰੰਤਰ ਪੰਜਾਬੀਆਂ ਨੂੰ ਦਰਦ, ਦੁੱਖ ਤੇ ਵੈਣ ਹੀ ਦਿੱਤੇ ਹਨ। ਪੰਜਾਬ ਦੇ ਜਖਮਾਂ ਤੇ ਕਦੇ ਵੀ ਮੱਲ੍ਹਮ ਲਗਾਉਣ ਦੀ ਗੱਲ ਨਹੀਂ ਕੀਤੀ। ਇਸ ਲਈ ਪੰਜਾਬੀਆਂ ਅਤੇ ਸਿੱਖ ਕੌਮ ਦੇ ਸਭ ਦਰਦਾਂ, ਦੁੱਖਾਂ ਤੇ ਮੁਸ਼ਕਿਲਾਂ ਦਾ ਇੱਕੋ ਇੱਕ ਜਮਹੂਰੀਅਤ ਤੇ ਅਮਨਮਈ ਹੱਲ ਹੈ ਖਾਲਿਸਤਾਨ ਅਤੇ ਅਸੀਂ ਇਸ ਖਾਲਿਸਤਾਨ ਦੀ ਹਰ ਕੀਮਤ ਤੇ ਕਾਇਮ ਕਰਕੇ ਰਹਾਂਗੇ ਅਤੇ ਮਨੁੱਖਤਾ ਨੂੰ ਅਮਨ ਚੈਨ ਦਾ ਮਾਹੌਲ ਪ੍ਰਦਾਨ ਕਰਾਂਗੇ।

ਬੀ.ਜੇ.ਪੀ-ਆਰ.ਐਸ.ਐਸ ਦੇ ਹੁਕਮਰਾਨਾਂ ਦਾ ਦੋਹਰਾ ਚੇਹਰਾ ਕੌਮਾਂਤਰੀ ਪੱਧਰ ਤੇ ਪ੍ਰਤੱਖ ਰੂਪ ਵਿੱਚ ਸਾਹਮਣੇ ਆ ਚੁੱਕਾ ਹੈ: ਮਾਨ

ਫ਼ਤਹਿਗੜ੍ਹ ਸਾਹਿਬ, 13 ਅਕਤੂਬਰ 2025 "ਬੀਤੇ ਕਈ ਦਿਨਾਂ ਤੋਂ ਨੋਬਲ ਸ਼ਾਂਤੀ ਪੁਰਸਕਾਰ ਲਈ ਅਮਰੀਕਾ ਦੇ ਪ੍ਰੈਜ਼ੀਡੈਂਟ ਡੋਨਾਲਡ ਟਰੰਪ ਦੇ ਨਾਮ ਦੀ ਕੌਮਾਂਤਰੀ ਚਰਚਾਵਾਂ ਵਿੱਚ ਮੁੱਖ ਚੇਹਰਾ ਸੀ। ਲੇਕਿਨ ਜਦੋਂ ਸ੍ਰੀ ਡੋਨਾਲਡ ਟਰੰਪ ਦੇ ਪੱਖ ਵਿੱਚ ਇਹ ਪੁਰਸਕਾਰ ਨਾ ਗਿਆ ਤਾਂ ਬੀ.ਜੇ.ਪੀ-ਆਰ.ਐਸ.ਐਸ ਨਾਲ ਸੰਬੰਧਤ ਆਗੂ ਤੇ ਹੁਕਮਰਾਨ ਜੋ ਅਕਸਰ ਹੀ ਆਪਣੇ ਸਵਾਰਥੀ ਹਿੱਤਾਂ ਦੀ ਪੂਰਤੀ ਲਈ ਕਦੀ ਅਮਰੀਕਾ, ਕਦੀ ਰੂਸ ਦੀ ਗੱਲ ਕਰਦੇ ਹਨ ਤਾਂ ਉਹ ਅੱਜ ਸ੍ਰੀ ਟਰੰਪ ਨੂੰ ਪੁਰਸਕਾਰ ਨਾ ਮਿਲਣ ਤੇ ਖੁੱਲ੍ਹੇ ਰੂਪ ਵਿੱਚ ਆਪਣੀ ਖੁਸ਼ੀ ਦਾ ਇਜ਼ਹਾਰ ਕਰ ਰਹੇ ਹਨ। ਜਿਸ ਤੋਂ ਇੰਨ੍ਹਾਂ ਹੁਕਮਰਾਨਾਂ ਦੀ ਹਰ ਪੱਖੋਂ ਤੋਂ ਦੋਹਰੀ ਨੀਤੀ ਤੇ ਸੋਚ ਪ੍ਰਤੱਖ ਰੂਪ ਵਿੱਚ ਕੌਮਾਂਤਰੀ ਪੱਧਰ ਤੇ ਉਜਾਗਰ ਹੋ ਚੁੱਕੀ ਹੈ। ਅਮਰੀਕਾ ਦੇ ਪ੍ਰੈਜ਼ੀਡੈਂਟ ਸ੍ਰੀ ਟਰੰਪ ਅਤੇ ਅਮਰੀਕਨ ਹਕੂਮਤ ਨੂੰ ਇੰਡੀਅਨ ਹੁਕਮਰਾਨਾਂ ਦੀਆਂ ਸਵਾਰਥੀ ਨੀਤੀਆਂ ਤੋਂ ਹੁਣ ਚੰਗੀ ਤਰ੍ਹਾਂ ਗਿਆਨ ਹੋ ਜਾਣਾ ਚਾਹੀਦਾ ਹੈ ਕਿ ਇਹ ਹੁਕਮਰਾਨ ਸਮੇਂ ਦੀ ਸੋਚ ਅਨੁਸਾਰ ਮੌਕਾਪ੍ਰਸਤੀ ਨੂੰ ਮੁੱਖ ਰੱਖ ਕੇ ਹੀ ਆਪਣੀ ਸਿਆਸਤ ਕਰਦੇ ਆ ਰਹੇ ਹਨ ਨਾ ਕਿ ਇਹ ਕਿਸੇ ਵੀ ਮੁਲਕ ਜਾਂ ਕੌਮਾਂਤਰੀ ਸਖਸ਼ੀਅਤ ਦੇ ਇਹ ਵਫਾਦਾਰ ਸਾਬਤ ਹੋ ਸਕਦੇ ਹਨ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਅਮਰੀਕਾ ਦੇ ਪ੍ਰੈਜ਼ੀਡੈਂਟ ਨੂੰ ਸ਼ਾਂਤੀ ਪੁਰਸਕਾਰ ਨਾ ਮਿਲਣ ਤੇ ਮੋਦੀ ਤੇ ਉਸਦੀ ਹਕੂਮਤ ਵਿੱਚ ਸ਼ਾਮਿਲ ਆਗੂਆਂ ਵੱਲੋਂ ਖੁਸ਼ੀ ਦਾ ਇਜ਼ਹਾਰ ਕਰਨ ਦੇ ਮੌਕੇ ਉੱਤੇ ਸਮੁੱਚੇ ਸੰਸਾਰ ਨਿਵਾਸੀਆਂ ਨੂੰ ਇੰਨ੍ਹਾਂ ਹਿੰਦੂਤਵ ਹੁਕਮਰਾਨਾਂ ਦੇ ਦੋਹਰੇ ਸਵਾਰਥੀ ਚੇਹਰੇ ਤੋਂ ਜਾਣੂ ਕਰਵਾਉਣ ਅਤੇ ਅਜਿਹੀ ਸਵਾਰਥੀ ਹਿੰਦੂਤਵ ਲੀਡਰਸ਼ਿਪ ਤੋਂ ਹਰ ਪੱਖੋਂ ਸੁਚੇਤ ਰਹਿਣ ਦੀ ਅਪੀਲ ਕਰਦੇ ਹੋਏ ਪ੍ਰਗਟ ਕੀਤੇ। ਇਹੀ ਵਜ੍ਹਾ ਹੈ ਕਿ ਸਿੱਖ ਕੌਮ ਨੇ ਸੈਂਟਰ ਵਿੱਚ ਹਕੂਮਤ ਕਰਨ ਵਾਲੀਆਂ ਹਿੰਦੂਤਵ ਜਮਾਤਾਂ ਉੱਤੇ ਕਦੀ ਵੀ ਵਿਸ਼ਵਾਸ ਨਹੀਂ ਕੀਤਾ। ਕਿਉਂਕਿ ਇਹ ਨਿਰੰਤਰ 1947 ਤੋਂ ਹੀ ਸਿੱਖ ਕੌਮ ਤੇ ਹੋਰ ਘੱਟ ਗਿਣਤੀ ਕੌਮਾਂ ਨਾਲ ਧੋਖੇ-ਫਰੇਬ ਕਰਕੇ ਅਤੇ ਇੰਨ੍ਹਾਂ ਨੂੰ ਬਦਨਾਮ ਕਰਕੇ ਆਪਣੀ ਸੌੜੀ ਸਿਆਸਤ ਨੂੰ ਚੱਲਦਾ ਰੱਖਦੀਆਂ ਆ ਰਹੀਆਂ ਹਨ। ਜਿਸ ਤੋਂ ਅਮਰੀਕਾ, ਕੈਨੇਡਾ ਆਦਿ ਜਮਹੂਰੀਅਤ ਮੁਲਕ ਅਤੇ ਯੂ.ਐਨ.ਓ ਵਰਗੀ ਸੰਸਥਾਂ ਨੂੰ ਵੀ ਸੰਸਾਰ ਪੱਧਰ ਤੇ ਵਿਚਰਦੇ ਹੋਏ ਇਸਦੀ ਗੌਰ ਰੱਖਣੀ ਪਵੇਗੀ।

ਮੈਗਜ਼ੀਨ
ਬਾਗ਼ੀ
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
ਅਕਤੂਬਰ 2025
ਅੰਕ-8
ਸੰਪਾਦਕ
ਰਸ਼ਪਿੰਦਰ ਕੌਰ ਗਿੱਲ

ਮੰਨੂਸਮ੍ਰਿਤੀ ਦੀ ਸੋਚ ਮਨੁੱਖੀ ਤੇ ਇਨਸਾਨੀ ਹੱਕਾਂ ਨੂੰ ਕੁੱਚਲਣ ਵਾਲੀ: ਮਾਨ

ਫ਼ਤਹਿਗੜ੍ਹ ਸਾਹਿਬ, 14 ਅਕਤੂਬਰ 2025 "ਜੋ ਆਰੀਅਨ ਲੋਕ ਹਨ ਉਨ੍ਹਾਂ ਦੇ ਮਨ-ਆਤਮਾ ਵਿੱਚ ਆਪਣੇ ਆਪ ਨੂੰ ਉੱਚੇ ਦਰਜੇ ਦੇ ਨਿਵਾਸੀ ਕਹਾਉਣ ਵਾਲੀ ਸੋਚ ਪ੍ਰਬਲ ਹੈ। ਇਹੀ ਵਜ੍ਹਾ ਹੈ ਕਿ ਉਹ ਬੀਤੇ ਸਮੇਂ ਵਿੱਚ ਵੀ ਅਕਸਰ ਘੱਟ ਗਿਣਤੀ ਕੌਮਾਂ ਨਾਲ ਸੰਬੰਧਤ ਨਿਵਾਸੀਆਂ ਨੂੰ ਆਪਣੇ ਗੁਲਾਮ ਬਣਾਉਣ ਦੀ ਸੋਚ ਅਧੀਨ ਉਨ੍ਹਾਂ ਦੇ ਕੰਨਾਂ ਵਿੱਚ ਗਰਮ ਤੇਲ, ਸਿੱਕਾ ਢਾਲ ਕੇ ਪਾਉਣ, ਉਨ੍ਹਾਂ ਦੇ ਬੁੱਲਾਂ ਨੂੰ ਸੀ ਦੇਣ, ਸਰੀਆ ਗਰਮ ਕਰਕੇ ਉਨ੍ਹਾਂ ਦੀ ਜੀਭ ਵਿੱਚੋਂ ਕੱਢ ਦੇਣ ਦੇ ਅਣਮਨੁੱਖੀ ਤੇ ਗੈਰ ਇਨਸਾਨੀ ਅਮਲ ਕਰਦੇ ਰਹੇ ਹਨ। ਇਹ ਇੰਨ੍ਹਾਂ ਦੀ ਸੱਭਿਅਤਾ ਦਾ ਸਮਾਜ ਵਿਰੋਧੀ ਅਮਲ ਹੈ। ਜੋ ਕਿ ਅਸਲ ਵਿੱਚ ਨਸਲਵਾਦ ਹੈ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਆਰੀਅਨ ਲੋਕਾਂ ਦੀ ਮੰਨੂਸਮ੍ਰਿਤੀ ਵਾਲੀ ਸੋਚ ਨੂੰ ਗੈਰ ਇਨਸਾਨੀ, ਅਣਮਨੁੱਖੀ ਅਤੇ ਸਮਾਜ ਵਿਰੋਧੀ ਕਰਾਰ ਦਿੰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਬੀਤੇ ਸਮੇਂ ਵਿੱਚ ਜਿਵੇਂ ਹਿਟਲਰ ਨਾਜੀ ਯਹੂਦੀਆਂ ਨਾਲ ਜ਼ਬਰ-ਜ਼ੁਲਮ ਕਰਕੇ ਉਨ੍ਹਾਂ ਨੂੰ ਗੈਸ ਚੈਬਰਾਂ ਵਿੱਚ ਪਾ ਕੇ ਲੱਖਾਂ ਦੀ ਗਿਣਤੀ ਵਿੱਚ ਸਾੜਦੇ ਰਹੇ ਹਨ। ਉਸੇ ਤਰ੍ਹਾਂ ਇਹ ਹਿੰਦੂਤਵ ਹੁਕਮਰਾਨ ਵੀ ਘੱਟ ਗਿਣਤੀ ਕੌਮਾਂ ਨੂੰ ਗੁਲਾਮ ਬਣਾਉਣ ਦੀ ਸੋਚ ਅਧੀਨ ਜ਼ਬਰ-ਜ਼ੁਲਮ ਕਰਦੇ ਰਹੇ ਹਨ ਜੋ ਕਿ ਅੱਜ ਵੀ ਜਾਰੀ ਹੈ। ਇਹ ਹੁਕਮਰਾਨ ਅੱਜ ਵੀ ਮੁਸਲਿਮ, ਇਸਾਈ, ਸਿੱਖ ਪਹਾੜਾਂ ਅਤੇ ਜੰਗਲਾਂ ਵਿੱਚ ਵੱਸਣ ਵਾਲੇ ਆਦਿਵਾਸੀ ਅਤੇ ਹੋਰ ਕਬੀਲਿਆਂ ਨਾਲ ਹਰ ਖੇਤਰ ਵਿੱਚ ਨਿਰੰਤਰ ਜ਼ੁਲਮ ਕਰਦੇ ਆ ਰਹੇ ਹਨ। ਉਨ੍ਹਾਂ ਦੇ ਵਿਧਾਨਿਕ ਹੱਕਾਂ ਨੂੰ ਕੁੱਚਲ ਕੇ, ਉਨ੍ਹਾਂ ਦੇ ਆਮਦਨ ਦੇ ਸਾਧਨਾਂ ਨੂੰ ਲੁੱਟ ਕੇ ਉਨ੍ਹਾਂ ਦੀ ਜਿੰਦਗੀ ਨੂੰ ਦੂਜੇ ਦਰਜੇ ਦੇ ਸ਼ਹਿਰੀਆਂ ਦੀ ਤਰ੍ਹਾਂ ਵਰਤਾਅ ਕਰ ਰਹੇ ਹਨ। ਜੋ ਕਿ ਕੌਮਾਂਤਰੀ ਮਨੁੱਖੀ ਅਧਿਕਾਰਾਂ, ਕਾਨੂੰਨਾਂ, ਨਿਯਮਾਂ ਦੀ ਘੋਰ ਉਲੰਘਣਾ ਹੈ। ਜਦੋਂਕਿ ਇੰਡੀਅਨ ਵਿਧਾਨ ਦੀ ਧਾਰਾ 14, 19 ਅਤੇ 21 ਸਭਨਾਂ ਨਿਵਾਸੀਆਂ ਨੂੰ ਬਰਾਬਰਤਾ ਦੀ ਸੋਚ ਨਾਲ ਵਿਚਰਣ, ਆਪਣੀ ਜਿੰਦਗੀ ਨੂੰ ਆਜਾਦੀ ਨਾਲ ਜਿਊਣ ਅਤੇ ਆਪਣੇ ਵਿਚਾਰਾਂ ਤੇ ਖਿਆਲਾਂ ਨੂੰ ਖੁੱਲਦਿਲੀ ਨਾਲ ਪ੍ਰਗਟਾਉਣ ਦੇ ਅਧਿਕਾਰ ਦਿੰਦੀ ਹੈ। ਜੋ ਕਿ ਇਹ ਹੁਕਮਰਾਨ ਇੰਨ੍ਹਾਂ ਵਿਧਾਨਿਕ ਅਧਿਕਾਰਾਂ ਦਾ ਅੱਜ ਵੀ ਘੋਰ ਉਲੰਘਣ ਕਰਕੇ ਆਪਣੇ ਹੀ ਇੰਡੀਅਨ ਵਿਧਾਨ ਦੇ ਨਿਯਮਾਂ ਨੂੰ ਕੁੱਚਲ ਰਹੇ ਹਨ। ਜਿਸ ਨੂੰ ਘੱਟ ਗਿਣਤੀ ਕੌਮਾਂ ਕਦਾਚਿਤ ਨਾ ਤਾਂ ਬਰਦਾਸ਼ਤ ਕਰਨਗੀਆਂ ਅਤੇ ਨਾ ਹੀ ਅਜਿਹੇ ਵਿਵਹਾਰ ਨੂੰ ਪ੍ਰਵਾਨ ਕਰਨਗੀਆਂ। ਇਸ ਲਈ ਇਹ ਬਿਹਤਰ ਹੋਵੇਗਾ ਕਿ ਆਪਣੀ ਮੰਨੂਸਮ੍ਰਿਤੀ ਦੀ ਮਨੁੱਖਤਾ ਵਿਰੋਧੀ ਸੋਚ ਨੂੰ ਹੁਕਮਰਾਨ ਅਲਵਿਦਾ ਕਹਿ ਕੇ ਇੱਥੇ ਘੱਟ ਗਿਣਤੀ ਕੌਮਾਂ ਦੇ ਕੁੱਚਲ ਕੇ ਜਾ ਰਹੇ ਹੱਕਾਂ, ਅਧਿਕਾਰਾਂ ਨੂੰ ਬਹਾਲ ਕਰਕੇ ਬਰਾਬਰਤਾ ਦੀ ਸੋਚ ਨੂੰ ਲਾਗੂ ਕਰਨ ਅਤੇ ਇੰਨ੍ਹਾਂ ਨਿਵਾਸੀਆਂ ਨੂੰ ਵਿਧਾਨਿਕ ਨਿਯਮਾਂ ਅਨੁਸਾਰ ਆਜਾਦੀ ਨਾਲ ਜਿੰਦਗੀ ਜਿਊਣ ਦੇ ਹੱਕ ਪ੍ਰਦਾਨ ਕਰਨ।

ਜੇਕਰ ਅਫਗਾਨੀਸਤਾਨੀਆਂ ਦੀ ਇੰਡੀਆ ਨਾਲ ਦੋਸਤੀ ਹੋ ਗਈ ਹੈ ਤਾਂ ਸਿੱਖਾਂ ਦੇ ਅਫਗਾਨੀਸਤਾਨ ਵਿੱਚ ਹੋਏ ਕਤਲਾਂ ਦੀ ਤਫਤੀਸ਼ ਤੇ ਇਨਸਾਫ਼ ਹੋਵੇ: ਮਾਨ

ਫ਼ਤਹਿਗੜ੍ਹ ਸਾਹਿਬ, 14 ਅਕਤੂਬਰ 2025 "ਅਫਗਾਨੀਸਤਾਨ ਦੇ ਵਿਦੇਸ਼ ਵਜੀਰ ਜਨਾਬ ਮੁਤਾਕੀ ਇੰਡੀਆਂ ਦੌਰੇ ਤੇ ਆਏ ਹੋਏ ਹਨ ਅਤੇ ਉਨ੍ਹਾਂ ਨੇ ਇਹ ਕਿਹਾ ਹੈ ਕਿ ਆਈ.ਐਸ.ਆਈ.ਐਸ ਦੀ ਜੱਥੇਬੰਦੀ ਖਤਮ ਹੋ ਚੁੱਕੀ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੋ ਅਫਗਾਨੀਸਤਾਨ ਦੇ ਗੁਰੂਦੁਆਰਾ ਸ੍ਰੀ ਗੁਰੂ ਹਰਿ ਰਾਏ ਸਾਹਿਬ ਕਾਬੁਲ ਵਿਖੇ 25 ਸਿੱਖਾਂ ਨੂੰ ਆਈ.ਐਸ.ਆਈ.ਐਸ ਦੇ ਸੰਗਠਨ ਵੱਲੋਂ ਬੰਬ ਵਿਸਫੋਟ ਰਾਹੀਂ ਕਤਲ ਕਰ ਦਿੱਤਾ ਗਿਆ ਸੀ। ਇਸੇ ਤਰ੍ਹਾਂ ਦੂਜਾ ਹਮਲਾ ਗੁਰੂਦੁਆਰਾ ਸ੍ਰੀ ਕਰਤਾ-ਏ-ਪ੍ਰਵਾਨ ਵਿਖੇ ਵੀ ਸਿੱਖਾਂ ਦੇ ਕਤਲ ਕਰ ਦਿੱਤੇ ਗਏ ਸਨ ਅਤੇ ਉਸ ਸਮੇ ਇੰਡੀਆ ਦੇ ਵਜੀਰ-ਏ-ਆਜਮ ਮੋਦੀ ਨੇ ਕਿਹਾ ਸੀ ਕਿ ਅਫਗਾਨੀਸਤਾਨ ਨਾਲ ਇੰਡੀਆ ਦੇ ਚੰਗੇ ਸੰਬੰਧ ਹਨ ਅਤੇ ਇਸਦੀ ਜਾਂਚ ਕਰਵਾ ਕੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਦੇ ਹੋਏ ਕਾਨੂੰਨ ਅਨੁਸਾਰ ਸਜਾ ਦਿਵਾਉਣ ਦਾ ਪ੍ਰਬੰਧ ਕਰਾਂਗੇ। ਪਰ ਦੁੱਖ ਅਤੇ ਅਫਸੋਸ ਹੈ ਇਸ ਦੁਰਘਟਨਾ ਨੂੰ ਵਾਪਰੇ ਹੋਏ ਲੰਮਾਂ ਸਮਾਂ ਬੀਤ ਚੁੱਕਿਆ ਹੈ। ਪਰ ਸਿੱਖ ਕੌਮ ਨੂੰ ਅੱਜ ਤੱਕ ਕੋਈ ਇਨਸਾਫ਼ ਨਾ ਤਾਂ ਵਜੀਰ-ਏ-ਆਜਮ ਮੋਦੀ ਵੱਲੋਂ ਦਿਵਾਇਆ ਗਿਆ ਨਾ ਹੀ ਅਫਗਾਨ ਸਰਕਾਰ ਵੱਲੋਂ ਇਸ ਤੇ ਕੋਈ ਅਮਲ ਹੋਇਆ ਹੈ। ਜੋ ਸਰਬੱਤ ਦਾ ਭਲਾ ਲੋੜਨ ਵਾਲੀ ਸਿੱਖ ਕੌਮ ਨਾਲ ਬਹੁਤ ਵੱਡੀ ਬੇਇਨਸਾਫ਼ੀ ਹੈ।" ਇਹ

ਮੈਗਜ਼ੀਨ
ਬਾਗ਼ੀ
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
ਅਕਤੂਬਰ 2025
ਅੰਕ-8
ਸੰਪਾਦਕ
ਰਸ਼ਪਿੰਦਰ ਕੌਰ ਗਿੱਲ

ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਅਫਗਾਨੀਸਤਾਨ ਵਿੱਚ ਆਈ.ਐਸ.ਆਈ.ਐਸ ਸੰਗਠਨ ਵੱਲੋਂ 2 ਗੁਰੂ ਘਰਾਂ ਵਿੱਚ ਵੱਖ-ਵੱਖ ਸਮਿਆਂ ਤੇ ਸਿੱਖਾਂ ਦਾ ਕਤਲੇਆਮ ਕਰਨ ਤੇ ਅੱਜ ਤੱਕ ਕੋਈ ਵੀ ਇਨਸਾਫ ਨਾ ਮਿਲਣ ਤੇ ਗਹਿਰਾ ਦੁੱਖ ਜਾਹਰ ਕਰਦੇ ਹੋਏ ਅਤੇ ਇੰਡੀਅਨ ਹੁਕਮਰਾਨਾਂ ਵੱਲੋਂ ਆਪਣੇ ਕੀਤੇ ਗਏ ਵਾਅਦੇ ਤੋਂ ਮੁਨਕਰ ਹੋਣ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ 2018 ਵਿੱਚ ਇਰਾਕ ਵਿੱਚ ਇਸੇ ਉਪਰੋਕਤ ਸੰਗਠਨ ਨੇ 38 ਨਿਰਦੋਸ਼ ਸਿੱਖਾਂ ਨੂੰ ਫੜ ਕੇ ਬਹੁਤ ਬੇਰਹਿੰਮੀ ਨਾਲ ਕਤਲ ਕਰ ਦਿੱਤਾ ਸੀ। ਉਸ ਸਮੇਂ ਇੰਡੀਆ ਦੀ ਵਿਦੇਸ਼ ਵਜੀਰ ਬੀਬੀ ਸੁਸ਼ਮਾ ਸ਼ਿਵਰਾਜ ਸਨ। ਇਸੇ ਦੌਰਾਨ ਕੇਰਲਾ ਦੀਆਂ ਕੁਝ ਨਰਸਾਂ ਨੂੰ ਵੀ ਉਪਰੋਕਤ ਸੰਗਠਨ ਨੇ ਆਪਣੇ ਕੈਦੀ ਬਣਾ ਲਿਆ ਸੀ। ਬੀਬੀ ਸ਼ਿਵਰਾਜ ਨੇ ਅਤੇ ਇੰਡੀਅਨ ਹੁਕਮਰਾਨਾਂ ਨੇ ਪਹੁੰਚ ਕਰਕੇ ਕੇਰਲਾ ਦੀਆਂ ਬੀਬੀਆਂ ਨੂੰ ਰਿਹਾਅ ਕਰਵਾ ਲਿਆ ਸੀ। ਪਰ ਉਪਰੋਕਤ ਸਿੱਖਾਂ ਨੂੰ ਰਿਹਾਅ ਕਰਵਾਉਣ ਲਈ ਇੰਡੀਅਨ ਹੁਕਮਰਾਨਾਂ ਨੇ ਸੰਜੀਦਗੀ ਤੇ ਇਮਾਨਦਾਰੀ ਨਾਲ ਕੋਈ ਅਮਲ ਨਾ ਕੀਤਾ। ਇੱਥੇ ਇਹ ਵਰਣਨ ਕਰਨਾ ਜਰੂਰੀ ਹੈ ਕਿ ਕੇਰਲਾ ਵਿੱਚ ਆਈ.ਐਸ.ਆਈ.ਐਸ ਸੈਂਟਰ ਦੇ ਟ੍ਰੇਨਿੰਗ ਸੈਂਟਰ ਸਨ। ਜਿਸ ਨਾਲ ਕੇਰਲਾ ਸੂਬੇ ਨਾਲ ਇਸ ਸੰਗਠਨ ਦਾ ਸੰਬੰਧ ਜੁੜਿਆ ਹੋਇਆ ਸੀ ਅਤੇ ਇੰਡੀਅਨ ਹੁਕਰਮਾਨਾਂ ਦੇ ਵੀ ਇਸ ਸੰਗਠਨ ਨਾਲ ਅੱਛੇ ਸੰਬੰਧ ਸਨ। ਜੇਕਰ ਸਿੱਖਾਂ ਨੂੰ ਇਰਾਕ ਵਿੱਚੋਂ ਨਹੀਂ ਛੁਡਾਇਆ ਗਿਆ ਅਤੇ ਕਤਲ ਹੋਣ ਤੋਂ ਨਾ ਬਚਾਇਆ ਗਿਆ ਇਸ ਵਿੱਚ ਮੋਦੀ ਹਕੂਮਤ ਅਤੇ ਉਸ ਸਮੇਂ ਦੀ ਵਿਦੇਸ਼ ਵਜੀਰ ਮਰਹੂਮ ਸੁਸ਼ਮਾ ਸਵਰਾਜ ਵੀ ਦੋਸ਼ੀ ਸਨ। ਜਿਨ੍ਹਾਂ ਨੇ ਆਪਣੇ ਇੰਡੀਅਨ ਨਾਗਰਿਕਾਂ ਦੀ ਜਿੰਦਗੀ ਬਚਾਉਣ ਲਈ ਕੋਈ ਅਮਲ ਨਾ ਕੀਤਾ। ਉਨ੍ਹਾਂ ਕਿਹਾ ਕਿ ਉਪਰੋਕਤ ਕਤਲੇਆਮ ਤੋਂ ਇਲਾਵਾ ਪਾਕਿਸਤਾਨ ਦੇ ਪੇਸ਼ਾਵਰ ਵਿਖੇ ਇੱਕ ਸਿੱਖ ਹਕੀਮ ਨੂੰ ਵੀ ਉਪਰੋਕਤ ਸੰਗਠਨ ਨੇ ਕਤਲ ਕਰ ਦਿੱਤਾ ਸੀ। ਇਸ ਤੋਂ ਇਲਾਵਾ ਸ੍ਰੀਨਗਰ ਵਿੱਚ ਇੱਕ ਪ੍ਰਿੰਸੀਪਲ ਸਿੱਖ ਬੀਬੀ ਸੁਪਿੰਦਰ ਕੌਰ ਨੂੰ ਵੀ ਕਤਲ ਕਰ ਦਿੱਤਾ ਸੀ। ਇੰਨ੍ਹਾਂ ਸਭ ਕਤਲਾਂ ਦੇ ਦੋਸ਼ੀਆਂ ਵਿਰੁੱਧ ਕੋਈ ਅਮਲ ਨਾ ਹੋਣ ਵੀ ਬਹੁਤ ਦੁੱਖਦਾਇਕ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸ੍ਰੀ ਮੁਤਾਕੀ ਦੇ ਇੰਡੀਆ ਪਹੁੰਚਣ ਤੇ ਅਫਗਾਨੀਸਤਾਨ ਅਤੇ ਇੰਡੀਆ ਦੇ ਹੁਕਮਰਾਨਾਂ ਨੂੰ ਮਨੁੱਖੀ ਹੱਕਾਂ ਦੇ ਬਿਨ੍ਹਾਂ ਤੇ ਇਹ ਅਪੀਲ ਕਰਨੀ ਚਾਹੇਗਾ ਕਿ ਜਦੋਂ ਹੁਣ ਅਫਗਾਨੀਸਤਾਨ ਤੇ ਇੰਡੀਆ ਦੀ ਆਪਸੀ ਅੱਛੇ ਸੰਬੰਧ ਤੇ ਦੋਸਤੀ ਹੈ ਤਾਂ ਉਪਰੋਕਤ ਹੋਏ ਸਭ ਸਿੱਖਾਂ ਦੇ ਕਤਲਾਂ ਦੀ ਨਿਰਪੱਖਤਾ ਨਾਲ ਸੀਮਤ ਸਮੇਂ ਵਿੱਚ ਜਾਂਚ ਵੀ ਹੋਵੇ ਅਤੇ ਇਸ ਵਿੱਚ ਦੋਸ਼ੀ ਪਾਏ ਜਾਣ ਵਾਲੇ ਆਈ.ਐਸ.ਆਈ.ਐਸ ਸੰਗਠਨ ਦੇ ਕਾਤਲਾਂ ਨੂੰ ਕੌਮਾਂਤਰੀ ਕਾਨੂੰਨਾਂ ਅਨੁਸਾਰ ਸਜਾ ਦੇਣ ਦਾ ਪ੍ਰਬੰਧ ਕੀਤਾ ਜਾਵੇ ਅਤੇ ਅਫਗਾਨੀਸਤਾਨ ਤੇ ਹੋਰ ਮੁਲਕਾਂ ਵਿੱਚ ਵੱਸ ਰਹੇ ਸਿੱਖਾਂ ਦੀ ਹਿਫਾਜ਼ਤ ਦੇ ਵੀ ਪ੍ਰਬੰਧ ਹੋਣ।

ਮੰਨੂਸਮ੍ਰਿਤੀ ਬਣਨ ਉੱਤੇ ਹੀ ਚਾਰ ਵਰਣਾ ਵਿੱਚ ਵੰਡ ਕੇ ਨਸਲਵਾਦੀ ਪ੍ਰੰਪਰਾ ਚਲਾ ਦਿੱਤੀ ਗਈ ਸੀ: ਮਾਨ

ਫ਼ਤਹਿਗੜ੍ਹ ਸਾਹਿਬ, 16 ਅਕਤੂਬਰ 2025 "ਜੋ ਆਰੀਅਨ ਲੋਕਾਂ ਨੇ ਮੰਨੂਸਮ੍ਰਿਤੀ ਦੀ ਸੋਚ ਅਧੀਨ ਰਾਜ ਪ੍ਰਬੰਧ ਕਰਨ ਲਈ ਨਿਯਮ, ਅਸੂਲ ਬਣਾਏ ਉਸ ਨਸਲਵਾਦੀ ਸਮਾਜ ਵਿਰੋਧੀ ਪ੍ਰੰਪਰਾ ਨੂੰ ਵਧਾਵਾ ਦੇਣ ਵਾਲੇ ਨਿੰਦਣਯੋਗ ਅਮਲ ਸਨ। ਉਸੇ ਸੋਚ ਅਧੀਨ ਇੱਥੋਂ ਦੇ ਨਿਵਾਸੀਆਂ ਨੂੰ ਉਚ-ਨੀਚ ਦੇ ਹਿਸਾਬ ਨਾਲ ਵੰਡ ਕੇ ਇੰਨ੍ਹਾਂ ਨੇ ਗੁਲਾਮੀਅਤ ਵਾਲੀ ਸੋਚ ਨੂੰ ਮਜਬੂਤ ਕੀਤਾ ਅਤੇ ਬਾਕੀ ਦੇ ਵਰਣਾ ਨੂੰ ਆਪਣੇ ਹੁਕਮ ਮੰਨਣ ਲਈ ਮਜਬੂਰ ਕੀਤਾ। ਜਿਸ ਅਧੀਨ ਸਮੇਂ-ਸਮੇਂ ਤੇ ਇਹ ਨੀਚਲੇ ਵਰਗਾਂ ਦੇ ਕੰਨਾਂ ਵਿੱਚ ਸਿੱਕੇ ਢਾਲ ਕੇ, ਉਨ੍ਹਾਂ ਦੀ ਜੁਬਾਨ ਨੂੰ ਬੰਦ ਕਰਨ ਲਈ ਬੁੱਲ ਸੀਅ ਕੇ ਅਤੇ ਹੋਰ ਕਈ ਤਰ੍ਹਾਂ ਦੇ ਅਣਮਨੁੱਖੀ ਤਸ਼ਦੱਦ ਮੰਨੂਸਮ੍ਰਿਤੀ ਬਣਨ ਦੇ ਸਮੇਂ ਤੋਂ ਹੀ ਕਰਦੇ ਆ ਰਹੇ ਹਨ। ਹੁਣ ਵੀ ਰੰਘਰੇਟਿਆਂ ਅਤੇ ਬ੍ਰਾਹਮਣਾਂ ਨੂੰ ਇਹ ਬੀ.ਜੇ.ਪੀ, ਆਰ.ਐਸ.ਐਸ ਵੰਡ ਕੇ ਬਿਹਾਰ ਦੀ ਚੋਣ ਨੂੰ ਜਿੱਤਣ ਦੇ ਮਨਸੂਬਿਆਂ ਤੇ ਅਮਲ ਕਰ ਰਹੇ ਹਨ। ਜਦੋਂਕਿ ਵਿਧਾਨ ਦੀ ਧਾਰਾ 14 ਇੱਥੋਂ ਦੇ ਸਭ ਨਾਗਰਿਕਾਂ ਨੂੰ ਬਰਾਬਰਤਾ ਦੇ ਹੱਕ ਅਧਿਕਾਰ ਪ੍ਰਦਾਨ ਕਰਦੀ ਹੈ। ਲੇਕਿਨ ਮੰਨੂਸਮ੍ਰਿਤੀ ਬਰਾਬਰਤਾ ਦੇ ਹੱਕ ਅਧਿਕਾਰ ਦਾ ਵਿਰੋਧ ਕਰਦੀ ਹੈ। ਇੱਥੋਂ ਦੀ ਸੁਪਰੀਮ ਕੋਰਟ ਨੂੰ ਨਿਰਪੱਖਤਾ ਨਾਲ ਅਮਲ ਕਰਕੇ ਵਿਧਾਨ ਦੀ ਧਾਰਾ 14 ਅਨੁਸਾਰ ਸਭਨਾਂ ਵਰਗਾਂ ਨੂੰ ਬਰਾਬਰਤਾ ਦੇ ਹੱਕ ਅਧਿਕਾਰ ਅਮਲੀ ਰੂਪ ਵਿੱਚ ਪ੍ਰਦਾਨ ਕਰਨੇ ਪੈਣਗੇ। ਤੱਦ ਹੀ ਇੱਥੇ ਜਮਹੂਰੀਅਤ ਅਤੇ ਅਮਨਮਈ ਸੋਚ ਦਾ ਬੋਲਬਾਲਾ ਹੋ ਸਕੇਗਾ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਮੰਨੂਸਮ੍ਰਿਤੀ ਦੀ ਸੋਚ ਉੱਤੇ

ਲੰਮੇ ਸਮੇਂ ਤੋਂ ਅਮਲ ਕਰਦੇ ਆ ਰਹੇ ਬਹੁਗਿਣਤੀ ਨਾਲ ਸੰਬੰਧਤ ਬੀ.ਜੇ.ਪੀ-ਆਰ.ਐਸ.ਐਸ ਦੇ ਹੁਕਮਰਾਨਾਂ ਵੱਲੋਂ ਸਮਾਜ ਨੂੰ ਉਚ-ਨੀਚ ਆਦਿ ਵਿੱਚ ਵੰਡ ਕੇ ਆਪਣੇ ਸਵਾਰਥੀ ਹਿੱਤਾਂ ਦੀ ਪੂਰਤੀ ਕਰਨ ਅਤੇ ਇੱਥੋਂ ਦੇ ਨਿਵਾਸੀਆਂ ਵਿੱਚ ਬਿੰਨ੍ਹਾਂ ਵਜ੍ਹਾ ਨਫਰਤ ਅਤੇ ਪੱਖਪਾਤੀ ਸੋਚ ਨੂੰ ਮਜਬੂਤ ਕਰਨ ਦੇ ਅਮਲਾਂ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਅਤੇ ਸੁਪਰੀਮ ਕੋਰਟ ਨੂੰ ਇਸ ਦਿਸ਼ਾ ਵੱਲ ਵਿਧਾਨ ਦੀ ਧਾਰਾ 14 ਅਨੁਸਾਰ ਅਮਲੀ ਰੂਪ ਵਿੱਚ ਅਮਲ ਕਰਨ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਜੋ ਹਰਿਆਣੇ ਵਿੱਚ ਇੱਕ ਦਲਿਤ ਆਈ.ਪੀ.ਐਸ ਅਫਸਰ ਨਾਲ ਜਬਰ ਹੋਇਆ ਹੈ, ਉਸ ਉੱਤੇ ਨਿਰਪੱਖਤਾ ਨਾਲ ਦੋਸ਼ੀਆਂ ਵਿਰੁੱਧ ਅਮਲ ਵੀ ਹੋਣਾ ਚਾਹੀਦਾ ਹੈ ਅਤੇ ਬੀਬੀ ਅਮਨੀਤ ਪੀ.ਕੁਮਾਰ ਨੂੰ ਹਰ ਕੀਮਤ ਤੇ ਇਨਸਾਫ ਮਿਲਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਮੰਗ ਕੀਤੀ ਕਿ 33 ਮੈਂਬਰੀ ਕਮੇਟੀ ਤੇ ਬੀਬੀ ਅਮਨੀਤ ਦੀ ਪ੍ਰਵਾਨਗੀ ਤੋਂ ਬਿੰਨ੍ਹਾਂ ਸਰਕਾਰ ਤੇ ਪੁਲਿਸ ਨੂੰ ਕਿਸੇ ਤਰ੍ਹਾਂ ਦੀ ਕਾਰਵਾਈ ਨਹੀਂ ਕਰਨੀ ਚਾਹੀਦੀ। ਜੋ ਹਕੂਮਤੀ ਪੱਧਰ ਤੇ ਪੱਖਪਾਤੀ ਸੋਚ ਅਧੀਨ ਅਮਲ ਹੋ ਰਹੇ ਹਨ, ਉਸਨੇ ਤਾਂ ਫੌਜ ਵਿੱਚ ਵੀ ਤਰਥੱਲੀ ਮਚਾ ਦਿੱਤੀ ਹੈ। ਚੋਣਾਂ ਨੂੰ ਮੁੱਖ ਰੱਖ ਕੇ ਹੁਕਮਰਾਨਾਂ ਨੇ ਖੁਦ ਹੀ ਫੁੱਟ ਪਾ ਦਿੱਤੀ ਹੈ। ਇਸ ਵਿਸ਼ੇ ਤੇ ਮੋਦੀ ਦਾ ਰਿਕਾਰਡ ਕਦੀ ਵੀ ਠੀਕ ਨਹੀਂ ਰਿਹਾ। ਕਿਉਂਕਿ ਉਨ੍ਹਾਂ ਨੇ 2002 ਵਿੱਚ ਜਦੋਂ ਉਹ ਗੁਜਰਾਤ ਦੇ ਮੁੱਖ ਮੰਤਰੀ ਸਨ ਤਾਂ 2 ਹਜਾਰ ਨਿਰਦੋਸ਼ ਮੁਸਲਮਾਨਾਂ ਦਾ ਸਾਜਸੀ ਢੰਗ ਨਾਲ ਕਤਲੇਆਮ ਕਰਵਾਇਆ ਸੀ। ਇਸੇ ਤਰ੍ਹਾਂ 2013 ਵਿੱਚ ਬੀਤੇ 50 ਸਾਲਾਂ ਤੋਂ ਪੱਕੇ ਤੌਰ ਤੇ ਵੱਸੇ ਹੋਏ ਅਤੇ ਆਪਣੇ ਕਾਰੋਬਾਰ ਕਰਦੇ ਹੋਏ 60 ਹਜਾਰ ਸਿੱਖ ਜਿੰਮੀਦਾਰਾਂ ਨੂੰ ਜਬਰੀ ਬੇ-ਘਰ ਤੇ ਬੇ-ਜਮੀਨੇ ਕਰ ਦਿੱਤਾ ਸੀ। ਜਿੰਨ੍ਹਾਂ ਦਾ ਅੱਜ ਤੱਕ ਹਕੂਮਤੀ ਪੱਧਰ ਤੇ ਕੋਈ ਮੁੜ ਵਸੇਬਾ ਨਹੀਂ ਹੋਇਆ। ਜੋ ਹੋਰ ਵੀ ਭਾਰੀ ਵਿਤਕਰੇ ਅਤੇ ਬੇਇਨਸਾਫ਼ੀ ਵਾਲੀ ਕਾਰਵਾਈ ਹੈ। ਜਦੋਂ ਅਮਰੀਕਾ ਦੇ ਪ੍ਰੈਜ਼ੀਡੈਂਟ ਸ੍ਰੀ ਬਿਲ ਕਲਿਟਨ ਇੰਡੀਆ ਦੌਰੇ ਤੇ 2000 ਵਿੱਚ ਆਏ ਸਨ ਤਾਂ ਇੰਨ੍ਹਾਂ ਦੀ ਬੀ.ਜੇ.ਪੀ ਆਰ.ਐਸ.ਐਸ ਦੀ ਸ੍ਰੀ ਵਾਜਪਾਈ ਹਕੂਮਤ ਵਿੱਚ ਸ਼ਾਮਿਲ ਗ੍ਰਹਿ ਵਜੀਰ ਸ੍ਰੀ ਅਡਵਾਨੀ ਨੇ ਸਾਜਸੀ ਢੰਗ ਨਾਲ ਜੰਮੂ ਕਸ਼ਮੀਰ ਦੇ ਚਿੱਠੀਸਿੰਘਪੁਰਾ ਵਿਖੇ 43 ਨਿਰਦੋਸ਼ ਅੰਮ੍ਰਿਤਧਾਰੀ ਸਿੱਖਾਂ ਦਾ ਇੱਕ ਲਾਇਨ ਵਿੱਚ ਖੜ੍ਹੇ ਕਰਕੇ ਫ਼ੌਜ ਦੁਆਰਾ ਕਤਲੇਆਮ ਕਰਵਾ ਦਿੱਤਾ ਸੀ। ਜਿਸਦਾ ਸਾਨੂੰ ਕੋਈ ਇਨਸਾਫ਼ ਨਹੀਂ ਮਿਲਿਆ। ਜਦੋਂਕਿ ਗੁਰੂ ਨਾਨਕ ਸਾਹਿਬ ਨੇ ਤਾਂ ਹਮੇਸ਼ਾਂ ਮਨੁੱਖਤਾ ਪੱਖੀ ਉੱਦਮਾਂ ਤੇ ਕਾਰਜਾਂ ਲਈ ਦ੍ਰਿੜਤਾ ਨਾਲ ਸਟੈਂਡ ਵੀ ਲਿਆ ਤੇ ਹੁਕਮਰਾਨਾਂ ਵਿਰੁੱਧ ਆਵਾਜ ਬੁਲੰਦ ਕਰਦੇ ਹੋਏ ਮਨੁੱਖੀ ਹੱਕਾਂ ਲਈ ਵੱਡੇ ਅਮਲ ਕੀਤੇ। ਉਨ੍ਹਾਂ ਨੇ ਤਾਂ ਆਪਣਾ ਜਨੇਊ ਵੀ ਲਾਹ ਦਿੱਤਾ ਸੀ। ਇਸੇ ਤਰ੍ਹਾਂ ਆਦਿਵਾਸੀਆਂ ਤੇ ਹੋਰ ਪਹਾੜਾਂ ਵਿੱਚ ਵੱਸਣ ਵਾਲੇ ਮਿਹਨਤੀ ਨਿਵਾਸੀਆਂ ਉੱਤੇ ਨਿਰੰਤਰ ਜਬਰ ਜ਼ੁਲਮ ਢਾਹ ਕੇ ਤੇ ਉਨ੍ਹਾਂ ਦੇ ਆਮਦਨ ਦੇ ਸਾਧਨਾਂ ਨੂੰ ਜਬਰੀ ਲੁੱਟ ਕੇ ਉਨ੍ਹਾਂ ਨੂੰ ਗੁਲਾਮਾਂ ਵਾਲੀ ਜਿੰਦਗੀ ਬਤੀਤ ਕਰਨ ਲਈ ਇਹ ਹੁਕਮਰਾਨ ਮਜਬੂਰ ਕਰਦੇ ਆ ਰਹੇ ਹਨ। ਛੱਤੀਸਗੜ੍ਹ, ਉੜੀਸਾ, ਝਾਰਖੰਡ, ਬਿਹਾਰ ਆਦਿ ਸੂਬਿਆਂ ਵਿੱਚ ਨਕਸਲਾਈਟ ਕਹਿ ਕੇ ਜੋ ਵੱਡੀ ਗਿਣਤੀ ਵਿੱਚ ਰੋਜਾਨਾ ਹੀ ਮਾਰਿਆ ਜਾ ਰਿਹਾ ਹੈ, ਇਹ ਮਨੁੱਖੀ ਅਧਿਕਾਰਾਂ ਦਾ ਜਿੱਥੇ ਹਨਨ ਹੈ, ਉੱਥੇ ਵਿਧਾਨ ਦੀ ਧਾਰਾ 14,19,21 ਜੋ ਇੱਥੋਂ ਦੇ ਨਿਵਾਸੀਆਂ ਨੂੰ ਬਰਾਬਰਤਾ ਦੇ ਨਾਲ-ਨਾਲ ਆਜਾਦੀ ਨਾਲ ਜਿੰਦਗੀ ਜਿਊਣ, ਆਪਣੇ ਵਿਚਾਰ ਪ੍ਰਗਟ ਕਰਨ ਅਤੇ ਮੁਲਕ ਦੇ ਕਿਸੇ ਵੀ ਹਿੱਸੇ ਵਿਚ ਵੱਸਣ ਦੇ ਅਧਿਕਾਰ ਦਿੰਦੀ ਹੈ, ਉਸਦਾ ਨਿਰੰਤਰ ਘਾਣ ਕਰਦੇ ਆ ਰਹੇ ਹਨ। ਉਨ੍ਹਾਂ ਕਿਹਾ ਕਿ 2019 ਵਿੱਚ ਇੰਨ੍ਹਾਂ ਹੁਕਮਰਾਨਾਂ ਨੇ ਕਸ਼ਮੀਰ ਸੂਬੇ ਦੇ ਕਸ਼ਮੀਰੀ ਬਸ਼ਿੰਦਿਆ ਨੂੰ ਵਿਧਾਨ ਧਾਰਾ 370 ਅਤੇ ਆਰਟੀਕਲ 35ਏ ਰਾਹੀਂ ਮਿਲੀ ਖੁਦਮੁਖਤਿਆਰੀ ਨੂੰ ਜ਼ਬਰੀ ਗੈਰ ਕਾਨੂੰਨੀ ਢੰਗ ਨਾਲ ਕੁੱਚਲ ਕੇ ਉਸਨੂੰ ਯੂ.ਟੀ ਕਿਉਂ ਬਣਾਇਆ? ਜਦੋਂਕਿ ਉਸ ਸੂਬੇ ਵਿੱਚ ਤਾਂ ਅਮਨ ਚੈਨ ਤੇ ਜਮਹੂਰੀਅਤ ਦੀ ਬੰਸਰੀ ਵੱਜਦੀ ਰਹਿਣੀ ਹੋਰ ਵੀ ਜਰੂਰੀ ਸੀ। ਲਦਾਖ ਵਿੱਚ ਜੋ ਉੱਥੋਂ ਦੇ ਨਿਵਾਸੀਆਂ ਤੇ ਉਨ੍ਹਾਂ ਦੇ ਆਗੂ ਵਾਗ ਚੁੱਕ ਨਾਲ ਗੈਰ ਇਨਸਾਨੀ, ਗੈਰ ਕਾਨੂੰਨੀ ਤਰੀਕੇ ਪੇਸ਼ ਆ ਕੇ ਉਨ੍ਹਾਂ ਦੇ ਵਿਧਾਨਿਕ ਤੇ ਸਮਾਜਿਕ ਹੱਕਾਂ ਨੂੰ ਕੁੱਚਲਣ ਦੇ ਅਮਲ ਕਰ ਰਹੇ ਹਨ, ਉਹ ਅਤਿ ਨਿੰਦਣਯੋਗ ਤੇ ਉਨ੍ਹਾਂ ਦੇ ਹੱਕਾਂ ਤੇ ਜਬਰੀ ਡਾਕਾ ਮਾਰਨ ਵਾਲੇ ਨਿੰਦਣਯੋਗ ਅਮਲ ਹਨ। ਉਨ੍ਹਾਂ ਇਸ ਗੱਲ ਤੇ ਵੀ ਗਹਿਰਾ ਦੁੱਖ ਪ੍ਰਗਟ ਕੀਤਾ ਕਿ ਅੱਜ ਤੱਕ ਇੰਡੀਆ ਦੀ ਸੁਪਰੀਮ ਕੋਰਟ ਦਾ ਕਦੀ ਵੀ ਹੁਕਮਰਾਨਾਂ ਨੇ ਚੀਫ ਜਸਟਿਸ ਸਿੱਖ ਨੂੰ ਨਹੀਂ ਲਗਾਇਆ। ਜੋ ਕਿ ਇੰਨ੍ਹਾਂ ਮੰਨੂਸਮ੍ਰਿਤੀ ਸੋਚ ਵਾਲੇ ਹੁਕਮਰਾਨਾਂ ਦੀ ਬਿੰਨ੍ਹਾਂ ਵਜ੍ਹਾ ਸਿੱਖਾਂ ਤੇ ਹੋਰ ਘੱਟ ਗਿਣਤੀ ਕੌਮਾਂ ਪ੍ਰਤੀ ਨਫਰਤ ਪ੍ਰਤੱਖ ਹੋ ਜਾਂਦੀ ਹੈ। ਜਿਸ ਨੂੰ ਘੱਟ ਗਿਣਤੀ ਕੌਮਾਂ ਕਦਾਚਿਤ ਸਹਿਣ ਨਹੀਂ ਕਰ ਸਕਦੀਆਂ। ਇਸ ਲਈ ਜਰੂਰੀ ਹੈ ਕਿ ਘੱਟ ਗਿਣਤੀ ਕੌਮਾਂ ਸਿੱਖ, ਮੁਸਲਿਮ, ਇਸਾਈ, ਆਦਿਵਾਸੀਆਂ, ਕਬੀਲਿਆਂ ਆਦਿ ਦੇ ਜ਼ਬਰੀ ਖੋਹੇ ਗਏ ਹੱਕਾਂ ਨੂੰ ਤੁਰੰਤ ਬਹਾਲ ਕੀਤਾ ਜਾਵੇ ਅਤੇ ਸਭਨਾਂ ਨੂੰ ਵਿਧਾਨ ਦੀ ਧਾਰਾ 14 ਅਨੁਸਾਰ ਬਰਾਬਰਤਾ ਦੇ ਹੱਕ ਪ੍ਰਦਾਨ ਕਰਕੇ ਬਿੰਨ੍ਹਾਂ ਕਿਸੇ ਡਰ ਭੈਅ ਦੇ ਆਜਾਦੀ ਨਾਲ ਜਿੰਦਗੀ ਜਿਊਣ ਦਾ ਉਚੇਚੇ ਤੌਰ ਤੇ ਕਾਨੂੰਨੀ ਤੇ ਸਮਾਜਿਕ ਪ੍ਰਬੰਧ ਹੋਵੇ।

ਮੈਗਜ਼ੀਨ
ਬਾਗ਼ੀ
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
ਅਕਤੂਬਰ 2025
ਅੰਕ-8

ਸੰਪਾਦਕ
ਰਸ਼ਪਿੰਦਰ ਕੌਰ ਗਿੱਲ

ਹਿੰਦੂਤਵ ਹੁਕਮਰਾਨਾਂ ਦੀਆਂ ਕਾਰਵਾਈਆਂ ਦੀ ਬਦੌਲਤ ਆਰੀਅਨ ਅਤੇ ਦਲਿਤਾਂ ਵਿੱਚ ਦੂਰੀ ਬਹੁਤ ਵੱਧ ਗਈ ਹੈ: ਮਾਨ

ਫ਼ਤਹਿਗੜ੍ਹ ਸਾਹਿਬ, 17 ਅਕਤੂਬਰ 2025 "ਜੋ ਕੁਝ ਦਿਨ ਪਹਿਲੇ ਹਰਿਆਣੇ ਦੇ ਇੱਕ ਉੱਚ ਪੁਲਿਸ ਅਫਸਰ ਪੀ.ਕੁਮਾਰ ਨੂੰ ਆਪਣੀ ਜਾਨ ਤੋਂ ਹੱਥ ਧੋਣਾ ਪਿਆ। ਉਪਰੰਤ ਇੱਕ ਛਾਣਬੀਣ ਕਰ ਰਹੇ ਪੁਲਿਸ ਦੇ ਏ.ਐਸ.ਆਈ ਸੰਦੀਪ ਲਾਠਰ ਨੂੰ ਵੀ ਖੁਦਕੁਸ਼ੀ ਕਰਨੀ ਪਈ ਤਾਂ ਇਸ ਅਮਲ ਨਾਲ ਹਰਿਆਣੇ ਦੀਆਂ ਸਵਰਣ ਜਾਤੀਆਂ ਤੇ ਦਲਿਤ ਵਰਗ ਵਿੱਚ ਬਹੁਤ ਵੱਡੀ ਦੂਰੀ ਵੱਧ ਗਈ ਹੈ। ਕਿਉਂਕਿ ਉੱਚ ਪੁਲਿਸ ਅਫਸਰ ਦੇ ਸੰਸਕਾਰ ਸਮੇਂ ਜਿਸ ਗਿਣਤੀ ਵਿੱਚ ਅਫਸਰਾਨ ਤੇ ਵਜ਼ੀਰਾਂ ਨੂੰ ਪਹੁੰਚਣਾ ਚਾਹੀਦਾ ਸੀ ਨਹੀਂ ਪਹੁੰਚੇ ਅਤੇ ਜਦੋਂ ਏ.ਐਸ.ਆਈ ਦਾ ਸੰਸਕਾਰ ਹੋਇਆ ਤਾਂ ਉੱਥੇ ਸਵਰਣ ਜਾਤੀਆਂ ਨਾਲ ਸੰਬੰਧਤ ਸਭ ਪੁਲਿਸ ਅਫਸਰ ਤੇ ਹੋਰ ਉੱਚ ਸਿਆਸਤਦਾਨ ਸ਼ਾਮਿਲ ਹੋਏ। ਜਿਸ ਤੋਂ ਪ੍ਰਤੱਖ ਹੋ ਜਾਂਦਾ ਹੈ ਕਿ ਹਰਿਆਣੇ ਵਿੱਚ ਇਹ ਦੋ ਧਿਰਾਂ ਵਿੱਚ ਵੱਡੀ ਵੰਡ ਹੋ ਗਈ ਹੈ। ਇਸ ਅਮਲ ਨਾਲ ਹੁਣ ਮੌਜੂਦਾ ਹੁਕਮਰਾਨਾਂ ਨੂੰ ਇਹ ਦੇਖਣਾ ਪਵੇਗਾ ਕਿ ਹਾਲਾਤ ਕਿੱਧਰ ਨੂੰ ਜਾ ਰਹੇ ਹਨ?" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਹਰਿਆਣੇ ਵਿੱਚ ਇੱਕ ਦਲਿਤ ਪੁਲਿਸ ਅਫਸਰ ਦੀ ਹੋਈ ਮੌਤ ਅਤੇ ਇੱਕ ਸਵਰਣ ਜਾਤੀ ਨਾਲ ਸੰਬੰਧਤ ਏ.ਐਸ.ਆਈ ਦੀ ਹੋਈ ਮੌਤ ਉੱਤੇ ਆਰੀਅਨ ਅਤੇ ਦਲਿਤਾਂ ਵਿੱਚ ਪੈਦਾ ਹੋਈ ਦੂਰੀ ਉੱਤੇ ਹੁਕਮਰਾਨਾਂ ਨੂੰ ਇੱਥੋਂ ਦੇ ਨਿਵਾਸੀਆਂ ਦੀ ਕਚਹਿਰੀ ਵਿੱਚ ਖੜ੍ਹਾ ਕਰਦੇ ਹੋਏ ਅਤੇ ਵਿਸਫੋਟਕ ਬਣਦੇ ਜਾ ਰਹੇ ਹਾਲਾਤਾਂ ਤੋਂ ਹੁਕਮਰਾਨਾਂ ਨੂੰ ਸੁਚੇਤ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਰੰਘਰੇਟਿਆਂ ਅਤੇ ਬ੍ਰਾਹਮਣਾ ਨੂੰ ਇਹ ਬੀ.ਜੇ.ਪੀ ਆਰ.ਐਸ.ਐਸ ਵੰਡ ਕੇ ਬਿਹਾਰ ਦੀ ਚੋਣ ਨੂੰ ਜਿੱਤਣ ਦੇ ਮਨਸੂਬਿਆਂ ਤੇ ਅਮਲ ਕਰ ਰਹੇ ਹਨ। ਜਦੋਂਕਿ ਵਿਧਾਨ ਦੀ ਧਾਰਾ 14 ਇੱਥੋਂ ਦੇ ਸਭ ਨਾਗਰਿਕਾਂ ਨੂੰ ਬਰਾਬਰਤਾ ਦੇ ਹੱਕ ਅਧਿਕਾਰ ਪ੍ਰਦਾਨ ਕਰਦੀ ਹੈ। ਲੇਕਿਨ ਮੰਨੂਸਮ੍ਰਿਤੀ ਬਰਾਬਰਤਾ ਦੇ ਹੱਕ ਅਧਿਕਾਰ ਦਾ ਵਿਰੋਧ ਕਰਦੀ ਹੈ। ਇੱਥੋਂ ਦੀ ਸੁਪਰੀਮ ਕੋਰਟ ਨੂੰ ਨਿਰਪੱਖਤਾ ਨਾਲ ਅਮਲ ਕਰਕੇ ਵਿਧਾਨ ਦੀ ਧਾਰਾ 14 ਅਨੁਸਾਰ ਸਭਨਾਂ ਵਰਗਾਂ ਨੂੰ ਬਰਾਬਰਤਾ ਦੇ ਹੱਕ ਅਧਿਕਾਰ ਅਮਲੀ ਰੂਪ ਵਿੱਚ ਪ੍ਰਦਾਨ ਕਰਨੇ ਪੈਣਗੇ। ਤੱਦ ਹੀ ਇੱਥੇ ਜਮਹੂਰੀਅਤ ਅਤੇ ਅਮਨਮਈ ਸੋਚ ਦਾ ਬੋਲਬਾਲਾ ਹੋ ਸਕੇਗਾ। ਛੱਤੀਸਗੜ੍ਹ, ਉੜੀਸਾ, ਝਾਰਖੰਡ, ਬਿਹਾਰ ਆਦਿ ਸੂਬਿਆਂ ਵਿੱਚ ਨਕਸਲਾਈਟ ਕਹਿ ਕੇ ਜੋ ਵੱਡੀ ਗਿਣਤੀ ਵਿੱਚ ਰੋਜਾਨਾ ਹੀ ਮਾਰਿਆ ਜਾ ਰਿਹਾ ਹੈ, ਇਹ ਮਨੁੱਖੀ ਅਧਿਕਾਰਾਂ ਦਾ ਜਿੱਥੇ ਹਨਨ ਹੈ, ਉੱਥੇ ਵਿਧਾਨ ਦੀ ਧਾਰਾ 14,19,21 ਜੋ ਇੱਥੋਂ ਦੇ ਨਿਵਾਸੀਆਂ ਨੂੰ ਬਰਾਬਰਤਾ ਦੇ ਨਾਲ-ਨਾਲ ਆਜਾਦੀ ਨਾਲ ਜਿੰਦਗੀ ਜਿਊਂਣ, ਆਪਣੇ ਵਿਚਾਰ ਪ੍ਰਗਟ ਕਰਨ ਅਤੇ ਮੁਲਕ ਦੇ ਕਿਸੇ ਵੀ ਹਿੱਸੇ ਵਿੱਚ ਵੱਸਣ ਦੇ ਅਧਿਕਾਰ ਦਿੰਦੀ ਹੈ, ਉਸਦਾ ਨਿਰੰਤਰ ਘਾਣ ਕਰਦੇ ਆ ਰਹੇ ਹਨ। ਉਨ੍ਹਾਂ ਇਸ ਗੱਲ ਤੇ ਵੀ ਪ੍ਰਤੀਕਰਮ ਕੀਤਾ ਕਿ ਜੋ ਕੋਈ ਮੁਲਾਜਮ ਖੁਦਕੁਸ਼ੀ ਕਰਦਾ ਹੈ ਤਾਂ ਉਸ ਦੇ ਸੰਸਕਾਰ ਸਮੇਂ ਸਟੇਟ ਪੱਧਰ ਦੀ ਕਾਰਵਾਈ ਨਹੀਂ ਕੀਤੀ ਜਾਂਦੀ।

ਬੰਦੀਛੋੜ ਦਿਹਾੜੇ ਦੀ ਸਮੁੱਚੀ ਮਨੁੱਖਤਾ ਤੇ ਸਿੱਖ ਕੌਮ ਨੂੰ ਮੁਬਾਰਕਬਾਦ, ਗੁਰੂ ਹਰਗੋਬਿੰਦ ਸਾਹਿਬ ਜੀ ਦੀ ਸੋਚ ਉੱਤੇ ਹੁਕਮਰਾਨਾਂ ਨੂੰ ਅੱਜ ਪਹਿਰਾ ਦੇਣ ਦੀ ਸਖਤ ਲੋੜ: ਮਾਨ

ਫ਼ਤਹਿਗੜ੍ਹ ਸਾਹਿਬ, 20 ਅਕਤੂਬਰ 2025 "ਆਉਣ ਵਾਲੇ ਕੱਲ੍ਹ ਕੇਵਲ ਸਿੱਖ ਕੌਮ ਦਾ ਹੀ ਨਹੀਂ ਬਲਕਿ ਸਮੁੱਚੀ ਮਨੁੱਖਤਾ ਲਈ ਇੱਕ ਬਹੁਤ ਵੱਡਾ ਅਰਥ ਭਰਪੂਰ ਬੰਦੀਛੋੜ ਦਿਹਾੜਾ ਹੈ। ਜਿਸ ਉੱਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਸਮੁੱਚੀ ਸਿੱਖ ਕੌਮ ਅਤੇ ਮਨੁੱਖਤਾ ਨੂੰ ਹਾਰਦਿਕ ਮੁਬਾਰਕਬਾਦ ਦਿੰਦੇ ਹੋਏ ਇਹ ਉਮੀਦ ਕਰਦਾ ਹੈ ਕਿ ਜਿਵੇਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਵਿਸ਼ਾਲਤਾ ਮਨੁੱਖਤਾ ਪੱਖੀ ਉੱਦਮ ਕਰਕੇ ਬਾਦਸ਼ਾਹ ਜਾਂਹਗੀਰ ਦੀ ਕੈਦ ਵਿੱਚੋਂ ਆਪਣੀ ਰਿਹਾਈ ਸਮੇਂ 52 ਹਿੰਦੂ ਪਹਾੜੀ ਰਾਜਿਆਂ ਨੂੰ ਰਿਹਾਅ ਕਰਵਾ ਕੇ ਮਨੁੱਖਤਾ ਪੱਖੀ ਉਦਮ ਕੀਤੇ ਸਨ। ਉਸੇ ਸੋਚ ਨੂੰ ਲੈ ਕੇ ਹੁਕਮਰਾਨਾਂ ਨੂੰ ਵੀ ਚਾਹੀਦਾ ਹੈ ਕਿ ਜੋ 30-30 ਸਾਲਾਂ ਤੋਂ ਸਿੱਖਾਂ ਨੂੰ ਕਾਲ-ਕੋਠੜੀਆਂ ਵਿੱਚ ਬੰਦ ਕਰਕੇ ਵੱਡੀ ਮਾਨਸਿਕ ਤੇ ਸ਼ਰੀਰਕ ਸਜਾ ਦਿੱਤੀ ਹੋਈ ਹੈ, ਉਹ ਇਸ ਮਹਾਨ ਦਿਹਾੜੇ ਤੇ ਗੁਰੂ ਸਾਹਿਬਾਨ ਜੀ ਦੀ ਵੱਡਮੁੱਲੀ ਸੋਚ ਉੱਤੇ ਅਮਲ ਕਰਕੇ ਉਨ੍ਹਾਂ 30-30 ਸਾਲਾਂ ਤੋਂ ਬੰਦੀ ਬਣਾਏ ਗਏ ਸਿੱਖਾਂ ਨੂੰ ਤੁਰੰਤ ਰਿਹਾਅ ਕਰਵਾਉਣ ਦੇ ਹੁਕਮ ਕਰਨ ਅਤੇ ਸਮੁੱਚੇ ਸੰਸਾਰ ਵਿੱਚ ਉਨ੍ਹਾਂ ਦੇ ਸੰਦੇਸ਼ ਨੂੰ ਪਹੁੰਚਾਉਣ ਤਾਂ ਕਿ ਮਨੁੱਖਤਾ ਪੱਖੀ ਉਦਮਾਂ ਨੂੰ ਸੰਸਾਰ ਪੱਧਰ ਤੇ ਬਲ ਮਿਲ ਸਕੇ ਅਤੇ ਜਮਹੂਰੀ ਕਦਰਾਂ ਕੀਮਤਾਂ ਦੀ ਰੱਖਿਆ ਹੋ ਸਕੇ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ

ਮੈਗਜ਼ੀਨ
ਬਾਗ਼ੀ
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
ਅਕਤੂਬਰ 2025
ਅੰਕ-8

ਸੰਪਾਦਕ
ਰਸ਼ਪਿੰਦਰ ਕੌਰ ਗਿੱਲ

ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਬੰਦੀਛੋੜ ਦੇ ਮਹਾਨ ਦਿਹਾੜੇ ਉੱਤੇ ਸਮੁੱਚੀ ਮਨੁੱਖਤਾ ਅਤੇ ਸਿੱਖ ਕੌਮ ਨੂੰ ਹਾਰਦਿਕ ਮੁਬਾਰਕਬਾਦ ਦਿੰਦੇ ਹੋਏ ਅਤੇ ਲੰਮੇ ਸਮੇਂ ਤੋਂ ਹੁਕਮਰਾਨਾਂ ਵੱਲੋਂ ਸਿੱਖ ਕੌਮ ਨਾਲ ਵਿਤਕਰੇ ਅਤੇ ਜ਼ਬਰ ਜੁਲਮ ਦੀ ਅਪਣਾਈ ਜਾ ਰਹੀ ਅਣਮਨੁੱਖੀ ਸੋਚ ਨੂੰ ਸਦਾ ਲਈ ਅਲਵਿਦਾ ਕਹਿ ਕੇ ਜੇਲ੍ਹਾਂ ਵਿੱਚ ਬੰਦੀ ਸਿੱਖਾਂ ਨੂੰ ਤੁਰੰਤ ਰਿਹਾਅ ਕਰਨ ਦੀ ਆਵਾਜ ਉਠਾਉਂਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ 2000 ਵਿੱਚ ਜੰਮੂ-ਕਸ਼ਮੀਰ ਦੇ ਚਿੱਠੀਸਿੰਘਪੁਰਾ ਵਿੱਚ 43 ਨਿਰਦੋਸ਼ ਅਤੇ ਨਿਹੱਥੇ ਅੰਮ੍ਰਿਤਧਾਰੀ ਸਿੱਖਾਂ ਨੂੰ ਇੱਕ ਲਾਇਨ ਵਿੱਚ ਖੜ੍ਹਾ ਕਰਕੇ ਫ਼ੌਜ ਵੱਲੋਂ ਸ਼ਹੀਦ ਕਰ ਦਿੱਤਾ ਗਿਆ। ਜਿਸਦੀ ਅੱਜ ਤੱਕ ਨਾ ਕੋਈ ਜਾਂਚ ਹੋਈ ਅਤੇ ਨਾ ਹੀ ਕਾਤਲਾਂ ਨੂੰ ਕੋਈ ਸਜਾ ਦਿੱਤੀ ਗਈ। 2002 ਵਿੱਚ ਜਦੋਂ ਉਹ ਗੁਜਰਾਤ ਦੇ ਮੁੱਖ ਮੰਤਰੀ ਸਨ ਤਾਂ 2 ਹਜਾਰ ਨਿਰਦੋਸ਼ ਮੁਸਲਮਾਨਾਂ ਦਾ ਸਾਜਸ਼ੀ ਢੰਗ ਨਾਲ ਕਤਲੇਆਮ ਕਰਵਾਇਆ ਸੀ। ਇਸੇ ਤਰ੍ਹਾਂ 2013 ਵਿੱਚ ਬੀਤੇ 50 ਸਾਲਾਂ ਤੋਂ ਪੱਕੇ ਤੌਰ ਤੇ ਵੱਸੇ ਹੋਏ ਅਤੇ ਆਪਣੇ ਕਾਰੋਬਾਰ ਕਰਦੇ ਹੋਏ 60 ਹਜਾਰ ਸਿੱਖ ਜਿੰਮੀਦਾਰਾਂ ਨੂੰ ਜਬਰੀ ਬੇਘਰ ਤੇ ਬੇਜਮੀਨੇ ਕਰ ਦਿੱਤਾ ਸੀ। ਜਿੰਨ੍ਹਾਂ ਦਾ ਅੱਜ ਤੱਕ ਹਕੂਮਤੀ ਪੱਧਰ ਤੇ ਕੋਈ ਮੁੜ ਵਸੇਬਾ ਨਹੀਂ ਹੋਇਆ ਜੋ ਹੋਰ ਵੀ ਭਾਰੀ ਵਿਤਕਰੇ ਅਤੇ ਬੇਇਨਸਾਫ਼ੀ ਵਾਲੀ ਕਾਰਵਾਈ ਹੈ। ਅਫਗਾਨੀਸਤਾਨ ਦੇ ਗੁਰੂਦੁਆਰਾ ਸ੍ਰੀ ਗੁਰੂ ਹਰਿ ਰਾਏ ਸਾਹਿਬ ਕਾਬੁਲ ਵਿਖੇ 25 ਸਿੱਖਾਂ ਨੂੰ ਆਈ.ਐਸ.ਆਈ.ਐਸ ਦੇ ਸੰਗਠਨ ਵੱਲੋਂ ਬੰਬ ਵਿਸਫੋਟ ਰਾਹੀਂ ਕਤਲ ਕਰ ਦਿੱਤਾ ਗਿਆ ਸੀ। ਇਸੇ ਤਰ੍ਹਾਂ ਦੂਜਾ ਹਮਲਾ ਗੁਰੂਦੁਆਰਾ ਸ੍ਰੀ ਕਰਤਾ-ਏ-ਪ੍ਰਵਾਨ ਵਿਖੇ ਵੀ ਸਿੱਖਾਂ ਦੇ ਕਤਲ ਕਰ ਦਿੱਤੇ ਗਏ ਸਨ ਅਤੇ ਉਸ ਸਮੇਂ ਇੰਡੀਆਂ ਦੇ ਵਜੀਰ-ਏ-ਆਜਮ ਮੋਦੀ ਨੇ ਕਿਹਾ ਸੀ ਕਿ ਅਫਗਾਨੀਸਤਾਨ ਨਾਲ ਇੰਡੀਆ ਦੇ ਚੰਗੇ ਸੰਬੰਧ ਹਨ ਅਤੇ ਇਸਦੀ ਜਾਂਚ ਕਰਵਾ ਕੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਦੇ ਹੋਏ ਕਾਨੂੰਨ ਅਨੁਸਾਰ ਸਜਾ ਦਿਵਾਉਣ ਦਾ ਪ੍ਰਬੰਧ ਕਰਾਂਗੇ। ਪਰ ਦੁੱਖ ਅਤੇ ਅਫਸੋਸ ਹੈ ਇਸ ਦੁਰਘਟਨਾ ਨੂੰ ਵਾਪਰੇ ਹੋਏ ਲੰਮਾਂ ਸਮਾਂ ਬੀਤ ਚੁੱਕਿਆ ਹੈ। ਪਰ ਸਿੱਖ ਕੌਮ ਨੂੰ ਅੱਜ ਤੱਕ ਕੋਈ ਇਨਸਾਫ਼ ਨਾ ਤਾਂ ਵਜੀਰ-ਏ-ਆਜਮ ਮੋਦੀ ਵੱਲੋਂ ਦਿਵਾਇਆ ਗਿਆ ਨਾ ਹੀ ਅਫਗਾਨ ਸਰਕਾਰ ਵੱਲੋਂ ਇਸ ਤੇ ਕੋਈ ਅਮਲ ਹੋਇਆ ਹੈ। ਉਨ੍ਹਾਂ ਕਿਹਾ ਕਿ ਉਪਰੋਕਤ ਕਤਲੇਆਮ ਤੋਂ ਇਲਾਵਾ ਪਾਕਿਸਤਾਨ ਦੇ ਪੇਸ਼ਾਵਰ ਵਿਖੇ ਇੱਕ ਸਿੱਖ ਹਕੀਮ ਨੂੰ ਵੀ ਉਪਰੋਕਤ ਸੰਗਠਨ ਨੇ ਕਤਲ ਕਰ ਦਿੱਤਾ ਸੀ। ਇਸ ਤੋਂ ਇਲਾਵਾ ਸ੍ਰੀਨਗਰ ਵਿੱਚ ਇੱਕ ਪ੍ਰਿੰਸੀਪਲ ਸਿੱਖ ਬੀਬੀ ਸੁਪਿੰਦਰ ਕੌਰ ਨੂੰ ਵੀ ਕਤਲ ਕਰ ਦਿੱਤਾ ਸੀ। ਇੰਨ੍ਹਾਂ ਸਭ ਕਤਲਾਂ ਦੇ ਦੋਸ਼ੀਆਂ ਵਿਰੁੱਧ ਕੋਈ ਅਮਲ ਨਾ ਹੋਣ ਵੀ ਬਹੁਤ ਦੁੱਖਦਾਇਕ ਹੈ। 2018 ਵਿੱਚ ਇਰਾਕ ਵਿੱਚ ਇਸੇ ਉਪਰੋਕਤ ਸੰਗਠਨ ਨੇ 38 ਨਿਰਦੋਸ਼ ਸਿੱਖਾਂ ਨੂੰ ਫੜ ਕੇ ਬਹੁਤ ਬੇਰਹਿੰਮੀ ਨਾਲ ਕਤਲ ਕਰ ਦਿੱਤਾ ਸੀ। ਉਸ ਸਮੇਂ ਇੰਡੀਆ ਦੀ ਵਿਦੇਸ਼ ਵਜੀਰ ਬੀਬੀ ਸੁਸ਼ਮਾ ਸਵਰਾਜ ਸਨ। ਇਸੇ ਦੌਰਾਨ ਕੇਰਲਾ ਦੀਆਂ ਕੁਝ ਨਰਸਾਂ ਨੂੰ ਵੀ ਉਪਰੋਕਤ ਸੰਗਠਨ ਨੇ ਆਪਣੇ ਕੈਦੀ ਬਣਾ ਲਿਆ ਸੀ, ਬੀਬੀ ਸਵਰਾਜ ਨੇ ਅਤੇ ਇੰਡੀਅਨ ਹੁਕਮਰਾਨਾਂ ਨੇ ਪਹੁੰਚ ਕਰਕੇ ਕੇਰਲਾ ਦੀਆਂ ਬੀਬੀਆਂ ਨੂੰ ਰਿਹਾਅ ਕਰਵਾ ਲਿਆ ਸੀ। ਪਰ ਉਪਰੋਕਤ ਸਿੱਖਾਂ ਨੂੰ ਰਿਹਾਅ ਕਰਵਾਉਣ ਲਈ ਇੰਡੀਅਨ ਹੁਕਮਰਾਨਾਂ ਨੇ ਸੰਜੀਦਗੀ ਤੇ ਇਮਾਨਦਾਰੀ ਨਾਲ ਕੋਈ ਅਮਲ ਨਾ ਕੀਤਾ। ਇੱਥੇ ਇਹ ਵਰਣਨ ਕਰਨਾ ਜਰੂਰੀ ਹੈ ਕਿ ਕੇਰਲਾ ਵਿੱਚ ਆਈ.ਐਸ.ਆਈ.ਐਸ ਸੈਂਟਰ ਦੇ ਟ੍ਰੇਨਿੰਗ ਸੈਂਟਰ ਸਨ। ਜਿਸ ਨਾਲ ਕੇਰਲਾ ਸੂਬੇ ਨਾਲ ਇਸ ਸੰਗਠਨ ਦਾ ਸੰਬੰਧ ਜੁੜਿਆ ਹੋਇਆ ਸੀ ਅਤੇ ਇੰਡੀਅਨ ਹੁਕਰਮਾਨਾਂ ਦੇ ਵੀ ਇਸ ਸੰਗਠਨ ਨਾਲ ਅੱਛੇ ਸੰਬੰਧ ਸਨ। ਜੇਕਰ ਸਿੱਖਾਂ ਨੂੰ ਇਰਾਕ ਵਿੱਚੋਂ ਨਹੀਂ ਛੁਡਾਇਆ ਗਿਆ ਅਤੇ ਕਤਲ ਹੋਣ ਤੋਂ ਨਾ ਬਚਾਇਆ ਗਿਆ। ਇਸ ਵਿੱਚ ਮੋਦੀ ਹਕੂਮਤ ਅਤੇ ਉਸ ਸਮੇਂ ਦੀ ਵਿਦੇਸ਼ ਵਜੀਰ ਮਰਹੂਮ ਸੁਸ਼ਮਾ ਸਵਰਾਜ ਵੀ ਦੋਸ਼ੀ ਸਨ। ਜਿੰਨ੍ਹਾਂ ਨੇ ਆਪਣੇ ਇੰਡੀਅਨ ਨਾਗਰਿਕਾਂ ਦੀ ਜਿੰਦਗੀ ਬਚਾਉਣ ਲਈ ਕੋਈ ਅਮਲ ਨਾ ਕੀਤਾ। ਉਨ੍ਹਾਂ ਕਿਹਾ ਕਿ 30-30 ਸਾਲਾਂ ਤੋਂ ਸਜ਼ਾ ਭੁਗਤ ਚੁੱਕੇ ਬੰਦੀਆਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਜਿਸ ਸ.ਬਲਵੰਤ ਸਿੰਘ ਰਾਜੋਆਣਾ ਨੇ 30 ਸਾਲ ਦੀ ਸਜ਼ਾ ਪੂਰਨ ਕਰ ਲਈ ਹੈ, ਉਸ ਨੂੰ ਫਾਂਸੀ ਦੇਣ ਦੇ ਗੈਰ ਕਾਨੂੰਨੀ ਮਨਸੂਬੇ ਘੜੇ ਜਾ ਰਹੇ ਹਨ। ਜਦੋਂਕਿ 30 ਸਾਲ ਦੀ ਸਜ਼ਾ ਭੁਗਤਣ ਉਪਰੰਤ ਕਿਸੇ ਨੂੰ ਵੀ ਫਾਂਸੀ ਦੀ ਸਜ਼ਾ ਨਹੀਂ ਦਿੱਤੀ ਜਾ ਸਕਦੀ। ਜੋ ਸਿੱਖ ਕੌਮ ਨੂੰ ਲੰਮੇ ਸਮੇਂ ਤੋਂ ਹੁਕਮਰਾਨਾਂ ਵੱਲੋਂ ਇਨਸਾਫ਼ ਨਹੀਂ ਦਿੱਤਾ ਜਾ ਰਿਹਾ ਇਸ ਨਾਲ ਹਾਲਾਤ ਹੋਰ ਵਿਸਫੋਟਕ ਬਣ ਸਕਦੇ ਹਨ। ਇਸ ਲਈ ਇਸ ਮੌਕੇ ਤੇ ਇਹ ਬਿਹਤਰ ਹੋਵੇਗਾ ਕਿ ਹੁਕਮਰਾਨ ਸਿੱਖਾਂ ਨਾਲ ਹੋਏ ਜ਼ਬਰ ਜੁਲਮ ਤੇ ਬੇਇਨਸਾਫ਼ੀ ਦਾ ਅੰਤ ਕਰਦੇ ਹੋਏ ਹਰ ਪੱਧਰ ਤੇ ਇਨਸਾਫ਼ ਦੇਣ ਦਾ ਪ੍ਰਬੰਧ ਕਰਨ ਅਤੇ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਸੋਚ ਨੂੰ ਸੰਸਾਰ ਪੱਧਰ ਤੇ ਹੋਰ ਮਜਬੂਤ ਕਰਨ।

ਮੈਗਜ਼ੀਨ
ਬਾਗ਼ੀ
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
ਅਕਤੂਬਰ 2025
ਅੰਕ-8

ਸੰਪਾਦਕ
ਰਸ਼ਪਿੰਦਰ ਕੌਰ ਗਿੱਲ

ਮੁਗਲ ਹਕੂਮਤ ਨੇ ਤਾਂ ਗੁਰੂ ਸਾਹਿਬ ਤੇ 52 ਰਾਜਿਆਂ ਨੂੰ ਰਿਹਾਅ ਕਰਕੇ ਆਪਣੇ ਫਰਜ ਪੂਰੇ ਕੀਤੇ, ਪਰ ਹਿੰਦੂਤਵ ਹਕੂਮਤ ਬੰਦੀਛੋੜ ਦਿਹਾੜੇ ਦੇ ਮਹੱਤਵ ਨੰ ਨਜ਼ਰਅੰਦਾਜ਼ ਕਰਕੇ ਅੱਜ ਵੀ ਸਿਆਣਪ ਨਹੀਂ ਕਰ ਰਹੀ: ਮਾਨ

ਫ਼ਤਹਿਗੜ੍ਹ ਸਾਹਿਬ, 23 ਅਕਤੂਬਰ 2025 "ਬਾਦਸ਼ਾਹ ਜਾਂਹਗੀਰ ਦੀ ਕੈਦ ਵਿੱਚੋਂ ਗੁਰੂ ਸਾਹਿਬ ਨੇ ਆਪਣੀ ਰਿਹਾਈ ਦੇ ਨਾਲ-ਨਾਲ 52 ਹਿੰਦੂ ਪਹਾੜੀ ਰਾਜਿਆਂ ਨੂੰ ਰਿਹਾਅ ਕਰਵਾ ਕੇ ਮਨੁੱਖਤਾ ਪੱਖੀ ਉੱਦਮ ਕੀਤੇ ਸਨ, ਉਸੇ ਸੋਚ ਨੂੰ ਲੈ ਕੇ ਹੁਕਮਰਾਨਾਂ ਨੂੰ ਵੀ ਚਾਹੀਦਾ ਹੈ ਕਿ ਜੋ 30-30 ਸਾਲਾਂ ਤੋਂ ਸਿੱਖਾਂ ਨੂੰ ਕਾਲ-ਕੋਠੜੀਆਂ ਵਿੱਚ ਬੰਦ ਕਰਕੇ ਵੱਡੀ ਮਾਨਸਿਕ ਤੇ ਸ਼ਰੀਰਕ ਸਜਾ ਦਿੱਤੀ ਹੋਈ ਹੈ। ਉਹ ਇਸ ਮਹਾਨ ਦਿਹਾੜੇ ਤੇ ਗੁਰੂ ਸਾਹਿਬਾਨ ਜੀ ਦੀ ਵੱਡਮੁੱਲੀ ਸੋਚ ਉੱਤੇ ਅਮਲ ਕਰਕੇ ਉਨ੍ਹਾਂ 30-30 ਸਾਲਾਂ ਤੋਂ ਬੰਦੀ ਬਣਾਏ ਗਏ ਸਿੱਖਾਂ ਨੂੰ ਤੁਰੰਤ ਰਿਹਾਅ ਕਰਵਾਉਣ ਦੇ ਹੁਕਮ ਕਰਨ ਅਤੇ ਸਮੁੱਚੇ ਸੰਸਾਰ ਵਿੱਚ ਉਨ੍ਹਾਂ ਦੇ ਸੰਦੇਸ਼ ਨੂੰ ਪਹੁੰਚਾਉਣ ਤਾਂ ਕਿ ਮਨੁੱਖਤਾ ਪੱਖੀ ਉਦਮਾਂ ਨੂੰ ਸੰਸਾਰ ਪੱਧਰ ਤੇ ਬਲ ਮਿਲ ਸਕੇ ਅਤੇ ਜਮਹੂਰੀ ਕਦਰਾਂ ਕੀਮਤਾਂ ਦੀ ਰੱਖਿਆ ਹੋ ਸਕੇ। ਮੁਗਲ ਹਕੂਮਤ ਨੇ ਤਾਂ ਗੁਰੂ ਸਾਹਿਬ ਅਤੇ 52 ਰਾਜਿਆਂ ਨੂੰ ਰਿਹਾਅ ਕਰਕੇ ਸਮਾਜ ਪੱਖੀ ਉਦਮ ਕੀਤਾ। ਲੇਕਿਨ ਦੁੱਖ ਅਤੇ ਅਫਸੋਸ ਹੈ ਕਿ ਮੌਜੂਦਾ ਹਿੰਦੂਤਵ ਮੋਦੀ ਹਕੂਮਤ ਅੱਜ ਵੀ ਲੰਮੇ ਸਮੇਂ ਤੋਂ ਬੰਦੀ ਸਿੱਖਾਂ ਨੂੰ ਰਿਹਾਅ ਨਾ ਕਰਕੇ ਹੋਰ ਵੀ ਵੱਡੇ ਜ਼ਬਰ ਤੇ ਬੇਇਨਸਾਫ਼ੀ ਦਾ ਮੰਦਭਾਗਾ ਪ੍ਰਗਟਾਵਾ ਕਰ ਰਹੀ ਹੈ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸਿੱਖ ਕੌਮ ਨਾਲ ਵਿਤਕਰੇ ਅਤੇ ਜ਼ਬਰ ਜੁਲਮ ਦੀ ਅਪਣਾਈ ਜਾ ਰਹੀ ਅਣਮਨੁੱਖੀ ਸੋਚ ਨੂੰ ਸਦਾ ਲਈ ਅਲਵਿਦਾ ਕਹਿ ਕੇ ਜੇਲ੍ਹਾਂ ਵਿੱਚ ਬੰਦੀ ਸਿੱਖਾਂ ਨੂੰ ਤੁਰੰਤ ਰਿਹਾਅ ਕਰਨ ਦੀ ਆਵਾਜ ਉਠਾਉਂਦੇ ਹੋਏ ਪ੍ਰਗਟ ਕੀਤੇ। 2018 ਵਿੱਚ ਇਰਾਕ ਵਿੱਚ ਆਈ.ਐਸ.ਆਈ.ਐਸ ਸੰਗਠਨ ਨੇ 38 ਨਿਰਦੋਸ਼ ਸਿੱਖਾਂ ਨੂੰ ਫੜ ਕੇ ਬਹੁਤ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ। ਉਸ ਸਮੇਂ ਇੰਡੀਆ ਦੀ ਵਿਦੇਸ਼ ਵਜੀਰ ਬੀਬੀ ਸੁਸ਼ਮਾ ਸਵਰਾਜ ਸਨ। ਇਸੇ ਦੌਰਾਨ ਕੇਰਲਾ ਦੀਆਂ ਕੁਝ ਨਰਸਾਂ ਨੂੰ ਵੀ ਉਪਰੋਕਤ ਸੰਗਠਨ ਨੇ ਆਪਣੇ ਕੈਦੀ ਬਣਾ ਲਿਆ ਸੀ। ਬੀਬੀ ਸਵਰਾਜ ਨੇ ਅਤੇ ਇੰਡੀਅਨ ਹੁਕਮਰਾਨਾਂ ਨੇ ਪਹੁੰਚ ਕਰਕੇ ਕੇਰਲਾ ਦੀਆਂ ਬੀਬੀਆਂ ਨੂੰ ਰਿਹਾਅ ਕਰਵਾ ਲਿਆ ਸੀ। ਪਰ ਉਪਰੋਕਤ ਸਿੱਖਾਂ ਨੂੰ ਰਿਹਾਅ ਕਰਵਾਉਣ ਲਈ ਇੰਡੀਅਨ ਹੁਕਮਰਾਨਾਂ ਨੇ ਸੰਜੀਦਗੀ ਤੇ ਇਮਾਨਦਾਰੀ ਨਾਲ ਕੋਈ ਅਮਲ ਨਾ ਕੀਤਾ। ਇੱਥੇ ਇਹ ਵਰਣਨ ਕਰਨਾ ਜਰੂਰੀ ਹੈ ਕਿ ਕੇਰਲਾ ਵਿੱਚ ਆਈ.ਐਸ.ਆਈ.ਐਸ ਸੈਂਟਰ ਦੇ ਟ੍ਰੇਨਿੰਗ ਸੈਂਟਰ ਸਨ। ਜਿਸ ਨਾਲ ਕੇਰਲਾ ਸੂਬੇ ਨਾਲ ਇਸ ਸੰਗਠਨ ਦਾ ਸੰਬੰਧ ਜੁੜਿਆ ਹੋਇਆ ਸੀ ਅਤੇ ਇੰਡੀਅਨ ਹੁਕਰਮਾਨਾਂ ਦੇ ਵੀ ਇਸ ਸੰਗਠਨ ਨਾਲ ਅੱਛੇ ਸੰਬੰਧ ਸਨ। ਜੇਕਰ ਸਿੱਖਾਂ ਨੂੰ ਇਰਾਕ ਵਿੱਚੋਂ ਨਹੀਂ ਛੁਡਾਇਆ ਗਿਆ ਅਤੇ ਕਤਲ ਹੋਣ ਤੋਂ ਨਾ ਬਚਾਇਆ ਗਿਆ। ਇਸ ਵਿੱਚ ਮੋਦੀ ਹਕੂਮਤ ਅਤੇ ਉਸ ਸਮੇਂ ਦੀ ਵਿਦੇਸ਼ ਵਜੀਰ ਮਰਹੂਮ ਸੁਸ਼ਮਾ ਸਵਰਾਜ ਵੀ ਦੋਸ਼ੀ ਸਨ। ਜਿੰਨ੍ਹਾਂ ਨੇ ਆਪਣੇ ਇੰਡੀਅਨ ਨਾਗਰਿਕਾਂ ਦੀ ਜਿੰਦਗੀ ਬਚਾਉਣ ਲਈ ਕੋਈ ਅਮਲ ਨਾ ਕੀਤਾ। ਜੋ ਸਿੱਖ ਕੌਮ ਨੂੰ ਲੰਮੇ ਸਮੇਂ ਤੋਂ ਹੁਕਮਰਾਨਾਂ ਵੱਲੋਂ ਇਨਸਾਫ਼ ਨਹੀਂ ਦਿੱਤਾ ਜਾ ਰਿਹਾ ਇਸ ਨਾਲ ਹਾਲਾਤ ਹੋਰ ਵਿਸਫੋਟਕ ਬਣ ਸਕਦੇ ਹਨ। ਇਸ ਲਈ ਇਸ ਮੌਕੇ ਤੇ ਇਹ ਬਿਹਤਰ ਹੋਵੇਗਾ ਕਿ ਹੁਕਮਰਾਨ ਸਿੱਖਾਂ ਨਾਲ ਹੋਏ ਜ਼ਬਰ ਜੁਲਮ ਤੇ ਬੇਇਨਸਾਫ਼ੀ ਦਾ ਅੰਤ ਕਰਦੇ ਹੋਏ ਹਰ ਪੱਧਰ ਤੇ ਇਨਸਾਫ਼ ਦੇਣ ਦਾ ਪ੍ਰਬੰਧ ਕਰਨ ਅਤੇ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਸੋਚ ਨੂੰ ਸੰਸਾਰ ਪੱਧਰ ਤੇ ਹੋਰ ਮਜਬੂਤ ਕਰਨ।

ਪੰਜਾਬ ਦੇ ਲੰਬੜਦਾਰਾਂ ਦੀਆਂ ਤਨਖਾਹ-ਭੱਤੇ ਅਤੇ ਹੋਰ ਜਾਇਜ਼ ਮੰਗਾਂ ਦੀ ਪੰਜਾਬ ਸਰਕਾਰ ਤੁਰੰਤ ਪੂਰਤੀ ਕਰਕੇ ਉਨ੍ਹਾਂ ਵਿੱਚ ਪਾਈ ਜਾਣ ਵਾਲੀ ਬੇਚੈਨੀ ਨੂੰ ਦੂਰ ਕਰੇ: ਮਾਨ

ਫ਼ਤਹਿਗੜ੍ਹ ਸਾਹਿਬ-28 ਅਕਤੂਬਰ 2025- "ਪਿੰਡਾਂ ਤੇ ਕਸਬਿਆ ਵਿੱਚ ਲੰਬੜਦਾਰੀ ਦੀ ਜਿੰਮੇਵਾਰੀ ਨਿਭਾਉਣ ਵਾਲੇ ਇਨਸਾਨਾਂ ਨੂੰ ਬਹੁਤ ਮਿਹਨਤ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਲਈ ਸਵੇਰ ਤੋਂ ਲੈ ਕੇ ਸ਼ਾਮ ਤੱਕ ਅਦਾਲਤਾਂ ਤੇ ਹੋਰ ਦਫਤਰਾਂ ਵਿੱਚ ਲੋਕਾਂ ਨਾਲ ਜਾ ਕੇ ਉਨ੍ਹਾਂ ਦੇ ਕਾਗਜ਼ਾਤ ਪੂਰਨ ਕਰਦੇ ਹੋਏ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਵਾਉਣ ਦੇ ਸਮਾਜ ਪੱਖੀ ਉਦਮ ਕੀਤੇ ਜਾਂਦੇ ਹਨ। ਲੇਕਿਨ ਉਨ੍ਹਾਂ ਦੀ ਮਿਹਨਤ ਅਤੇ ਭੱਜ ਦੌੜ ਦੀ ਬਦੌਲਤ ਉਨ੍ਹਾਂ ਨੂੰ ਮਿਲਣ ਵਾਲਾ ਮਿਹਨਤਾਨਾ ਬਹੁਤ ਘੱਟ ਹੁੰਦਾ ਹੈ। ਜਿਸ ਨਾਲ ਉਨ੍ਹਾਂ ਦੀਆਂ ਪਰਿਵਾਰਿਕ ਲੋੜਾਂ ਦੀ ਪੂਰਤੀ ਕਰਨੀ ਅਸੰਭਵ ਹੈ। ਇਸ ਲਈ ਜੋ ਲੰਬੜਦਾਰਾਂ ਵੱਲੋਂ ਆਪਣੀਆਂ ਮੰਗਾਂ

ਦੇ ਹੱਕ ਵਿੱਚ ਸਮੁੱਚੇ ਪੰਜਾਬ ਵਿੱਚ ਰੋਸ ਧਰਨੇ ਦਿੱਤੇ ਜਾ ਰਹੇ ਹਨ, ਉਹ ਉਨ੍ਹਾਂ ਦੀ ਮਜਬੂਰੀ ਹੈ। ਅਸੀਂ ਇੰਨ੍ਹਾਂ ਦੇ ਜਾਇਜ਼ ਮੰਗਾਂ ਦੇ ਹੱਕ ਵਿੱਚ ਕੀਤੇ ਜਾ ਰਹੇ ਸੰਘਰਸ਼ ਦੀ ਪੂਰਨ ਹਮਾਇਤ ਕਰਨ ਦੇ ਨਾਲ-ਨਾਲ ਪੰਜਾਬ ਸਰਕਾਰ ਨੂੰ ਇਹ ਸੰਜ਼ੀਦਾ ਗੁਜ਼ਾਰਿਸ਼ ਕਰਦੇ ਹਾਂ ਕਿ ਉਹ ਇੰਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਕੇ ਸਹਿਯੋਗ ਕਰੇ ਤਾਂ ਕਿ ਇੰਨ੍ਹਾਂ ਵਿੱਚ ਪਾਈ ਜਾਣ ਵਾਲੀ ਵੱਡੀ ਬੇਚੈਨੀ ਫੌਰੀ ਦੂਰ ਹੋ ਸਕੇ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸਮੁੱਚੇ ਪੰਜਾਬ ਦੇ ਲੰਬੜਦਾਰਾਂ ਵੱਲੋਂ ਆਪਣੀਆ ਮੰਗਾਂ ਦੇ ਹੱਕ ਵਿੱਚ ਕੀਤੇ ਜਾ ਰਹੇ ਜਮਹੂਰੀਅਤ ਅਤੇ ਅਮਨਮਈ ਸੰਘਰਸ਼ ਦੀ ਪੂਰਨ ਹਮਾਇਤ ਕਰਦੇ ਹੋਏ ਅਤੇ ਸਰਕਾਰ ਨੂੰ ਫੌਰੀ ਇੰਨ੍ਹਾਂ ਦੀਆਂ ਮੰਗਾਂ ਪੂਰਨ ਕਰਨ ਦੀ ਜੋਰਦਾਰ ਗੁਜ਼ਾਰਿਸ਼ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਜਦੋਂ ਇਹ ਵਰਗ ਦਿਨ-ਰਾਤ ਪਿੰਡਾਂ ਤੇ ਕਸਬਿਆਂ ਵਿੱਚ ਆਪਣੇ ਨਿਵਾਸੀਆਂ ਦੀਆਂ ਜਮੀਨਾਂ, ਜਾਇਦਾਦਾਂ ਤੇ ਹੋਰ ਦਸਤਾਵੇਜੀ ਕੰਮਾਂ ਵਿੱਚ ਪੂਰਨ ਇਮਾਨਦਾਰੀ ਤੇ ਆਪਣੇ ਫਰਜ ਸਮਝਦੇ ਹੋਏ ਉਦਮ ਕਰਦੇ ਆ ਰਹੇ ਹਨ ਤਾਂ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਇੰਨ੍ਹਾਂ ਦੇ ਰੋਜਾਨਾ ਦੇ ਖਰਚ ਅਤੇ ਪਰਿਵਾਰਾਂ ਦੇ ਖਰਚਿਆਂ ਨੂੰ ਮੁੱਖ ਰੱਖਦਿਆਂ ਇੰਨ੍ਹਾਂ ਵੱਲੋਂ ਉਠਾਈਆਂ ਜਾ ਰਹੀਆਂ ਆਪਣੀਆਂ ਮੰਗਾਂ ਨੂੰ ਵੀ ਤੁਰੰਤ ਪੂਰਨ ਕਰਕੇ ਇਸ ਵਰਗ ਦੀ ਜਿੰਨੀ ਜਲਦੀ ਹੋ ਸਕੇ ਸੰਤੁਸ਼ਟੀ ਕਰੇ ਅਤੇ ਪੰਜਾਬ ਦੇ ਮਾਹੌਲ ਨੂੰ ਅਮਨਮਈ ਬਣਾਈ ਰੱਖਣ ਦੀ ਜਿੰਮੇਵਾਰੀ ਨਿਭਾਏ। ਸ. ਮਾਨ ਨੇ ਉਮੀਦ ਪ੍ਰਗਟ ਕੀਤੀ ਕਿ ਪੰਜਾਬ ਸਰਕਾਰ ਲੰਬੜਦਾਰਾਂ ਦੀਆਂ ਜਾਇਜ਼ ਮੰਗਾਂ ਤੇ ਗੰਭੀਰਤਾ ਨਾਲ ਗੌਰ ਕਰਦੇ ਹੋਏ ਇਸ ਮਸਲੇ ਨੂੰ ਪਹਿਲ ਦੇ ਆਧਾਰ ਤੇ ਹੱਲ ਕਰ ਦੇਵੇਗੀ।

ਭਾਈ ਜਗਤਾਰ ਸਿੰਘ ਤਾਰਾ ਉੱਤੇ ਪਾਏ ਝੂਠੇ ਕੇਸ ਤੋਂ ਬਰੀ ਹੋਣਾ ਪ੍ਰਤੱਖ ਕਰਦਾ ਹੈ ਕਿ ਬੰਦੀ ਬਣਾਏ ਗਏ ਨੌਜਵਾਨਾਂ ਨੂੰ ਹੁਣ ਵਿਸਾਲਤਾ ਨਾਲ ਹੁਕਮਰਾਨ ਰਿਹਾਅ ਕਰਨ: ਮਾਨ

ਫ਼ਤਹਿਗੜ੍ਹ ਸਾਹਿਬ-29 ਅਕਤੂਬਰ 2025- "ਜੋ 30-30 ਸਾਲਾਂ ਤੋਂ ਸਿੱਖਾਂ ਨੂੰ ਕਾਲ-ਕੋਠੜੀਆਂ ਵਿੱਚ ਬੰਦ ਕਰਕੇ ਵੱਡੀ ਮਾਨਸਿਕ ਤੇ ਸ਼ਰੀਰਕ ਸਜਾ ਦਿੱਤੀ ਹੋਈ ਹੈ। ਜਿਸ ਤੋਂ ਹੁਕਮਰਾਨਾਂ ਦੇ ਗੈਰ ਕਾਨੂੰਨੀ ਤੇ ਗੈਰ ਇਨਸਾਨੀ ਅਮਲ ਪ੍ਰਤੱਖ ਨਜ਼ਰ ਆ ਰਹੇ ਹਨ। ਜੋ ਬੀਤੇ ਦਿਨੀਂ ਭਾਈ ਜਗਤਾਰ ਸਿੰਘ ਤਾਰਾ ਨੂੰ ਅਦਾਲਤ ਨੇ ਕੇਸ ਵਿੱਚੋਂ ਬਾਇੱਜ਼ਤ ਬਰੀ ਕਰਨ ਦੇ ਹੁਕਮ ਕੀਤੇ ਹਨ। ਉਸ ਤੋਂ ਵੀ ਇਹ ਜਾਹਰ ਹੋ ਜਾਂਦਾ ਹੈ ਕਿ ਹੁਕਮਰਾਨਾਂ ਨੇ ਸਿੱਖ ਕੌਮ ਨਾਲ ਬਿਨ੍ਹਾਂ ਵਜਹ ਨਫਰਤ ਤੇ ਦੁਸ਼ਮਣੀ ਖੜ੍ਹੀ ਕਰਕੇ ਸਾਡੀ ਨੌਜਵਾਨੀ ਤੇ ਝੂਠੇ ਕੇਸ ਦਰਜ ਕਰਕੇ ਲੰਮੇ ਸਮੇ ਤੋਂ ਜ਼ਬਰੀ ਬੰਦੀ ਬਣਾ ਕੇ ਰੱਖੇ ਹੋਏ ਹਨ। ਜਦੋਂਕਿ ਇੰਡੀਅਨ ਵਿਧਾਨ ਦੀ ਧਾਰਾ 21 ਰਾਹੀਂ ਇੱਥੋਂ ਦੇ ਹਰ ਨਾਗਰਿਕ ਨੂੰ ਬਿਨ੍ਹਾਂ ਕਿਸੇ ਡਰ-ਭੈਅ ਤੋਂ ਆਜਾਦੀ ਨਾਲ ਜਿੰਦਗੀ ਜਿਊਂਣ ਅਤੇ ਵਿਚਰਣ ਦੇ ਅਧਿਕਾਰ ਹੱਕ ਹਾਂਸਿਲ ਹਨ। ਜਿਸ ਨੂੰ ਨਿਰੰਤਰ ਸਿੱਖਾਂ ਪ੍ਰਤੀ ਅਮਲ ਕਰਦੇ ਹੋਏ ਕੁੱਚਲਿਆ ਜਾਂਦਾ ਆ ਰਿਹਾ ਹੈ ਅਤੇ ਇਹ ਹਿੰਦੂਤਵ ਹੁਕਮਰਾਨਾਂ ਤੇ ਸਿੱਖਾਂ ਵਿੱਚ ਵੱਧਦੇ ਪਾੜੇ ਦੇ ਨਤੀਜੇ ਕਦਾਚਿਤ ਸਹੀ ਸਾਬਤ ਨਹੀਂ ਹੋ ਸਕਣਗੇ। ਇਸ ਲਈ ਹੁਕਮਰਾਨਾਂ ਲਈ ਇਹ ਬਿਹਤਰ ਹੋਵੇਗਾ ਕਿ ਭਾਈ ਜਗਤਾਰ ਸਿੰਘ ਤਾਰਾ, ਬਲਵੰਤ ਸਿੰਘ ਰਾਜੋਆਣਾ, ਜਗਤਾਰ ਸਿੰਘ ਹਵਾਰਾ, ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਆਦਿ ਜੋ 30-30 ਸਾਲਾਂ ਤੋਂ ਬੰਦੀ ਬਣਾਏ ਗਏ ਸਿੱਖਾਂ ਨੂੰ ਤੁਰੰਤ ਰਿਹਾਅ ਕਰਵਾਉਣ ਦੇ ਹੁਕਮ ਕਰਨ ਅਤੇ ਸਮੁੱਚੇ ਸੰਸਾਰ ਵਿੱਚ ਉਨ੍ਹਾਂ ਦੇ ਸੰਦੇਸ਼ ਨੂੰ ਪਹੁੰਚਾਉਣ ਤਾਂ ਕਿ ਮਨੁੱਖਤਾ ਪੱਖੀ ਉਦਮਾਂ ਨੂੰ ਸੰਸਾਰ ਪੱਧਰ ਤੇ ਬਲ ਮਿਲ ਸਕੇ ਅਤੇ ਜਮਹੂਰੀ ਕਦਰਾਂ ਕੀਮਤਾਂ ਦੀ ਰੱਖਿਆ ਹੋ ਸਕੇ ਅਤੇ ਅਮਲੀ ਰੂਪ ਵਿੱਚ ਜੋ ਨਾਗਰਿਕਾਂ ਨੂੰ ਵਿਧਾਨਿਕ ਆਜਾਦੀ ਹਾਂਸਿਲ ਹੈ, ਉਹ ਪ੍ਰਤੱਖ ਹੋ ਸਕੇ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸਿੱਖ ਕੌਮ ਨਾਲ ਵਿਤਕਰੇ ਅਤੇ ਜ਼ਬਰ ਜੁਲਮ ਦੀ ਅਪਣਾਈ ਜਾ ਰਹੀ ਅਣਮਨੁੱਖੀ ਸੋਚ ਨੂੰ ਸਦਾ ਲਈ ਅਲਵਿਦਾ ਕਹਿ ਕੇ ਜੇਲ੍ਹਾਂ ਵਿੱਚ ਬੰਦੀ ਸਿੱਖਾਂ ਨੂੰ ਤੁਰੰਤ ਰਿਹਾਅ ਕਰਨ ਦੀ ਆਵਾਜ ਉਠਾਉਂਦੇ ਹੋਏ ਪ੍ਰਗਟ ਕੀਤੇ। 2018 ਵਿੱਚ ਇਰਾਕ ਵਿੱਚ ਆਈ.ਐਸ.ਆਈ.ਐਸ ਸੰਗਠਨ ਨੇ 38 ਨਿਰਦੋਸ਼ ਸਿੱਖਾਂ ਨੂੰ ਫੜ ਕੇ ਬਹੁਤ ਬੇਰਹਿੰਮੀ ਨਾਲ ਕਤਲ ਕਰ ਦਿੱਤਾ ਸੀ। ਉਸ ਸਮੇਂ ਇੰਡੀਆ ਦੀ ਵਿਦੇਸ਼ ਵਜੀਰ ਬੀਬੀ ਸੁਸ਼ਮਾ ਸਵਰਾਜ ਸਨ। ਇਸੇ ਦੌਰਾਨ ਕੇਰਲਾ ਦੀਆਂ ਕੁਝ ਨਰਸਾਂ ਨੂੰ ਵੀ ਉਪਰੋਕਤ ਸੰਗਠਨ ਨੇ ਆਪਣੇ ਕੈਦੀ ਬਣਾ ਲਿਆ ਸੀ। ਬੀਬੀ ਸਵਰਾਜ ਨੇ ਅਤੇ ਇੰਡੀਅਨ ਹੁਕਮਰਾਨਾਂ ਨੇ ਪਹੁੰਚ ਕਰਕੇ ਕੇਰਲਾ ਦੀਆਂ ਬੀਬੀਆਂ ਨੂੰ ਰਿਹਾਅ ਕਰਵਾ ਲਿਆ ਸੀ। ਪਰ ਉਪਰੋਕਤ ਸਿੱਖਾਂ ਨੂੰ ਰਿਹਾਅ ਕਰਵਾਉਣ ਲਈ ਇੰਡੀਅਨ ਹੁਕਮਰਾਨਾਂ ਨੇ ਸੰਜੀਦਗੀ ਤੇ ਇਮਾਨਦਾਰੀ ਨਾਲ ਕੋਈ ਅਮਲ ਨਾ ਕੀਤਾ। ਇੱਥੇ ਇਹ ਵਰਣਨ ਕਰਨਾ ਜਰੂਰੀ ਹੈ ਕਿ ਕੇਰਲਾ ਵਿੱਚ ਆਈ.ਐਸ.ਆਈ.ਐਸ ਸੈਂਟਰ ਦੇ ਟ੍ਰੇਨਿੰਗ ਸੈਂਟਰ ਸਨ। ਜਿਸ ਨਾਲ

ਮੈਗਜ਼ੀਨ
ਬਾਗ਼ੀ
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
ਅਕਤੂਬਰ 2025
ਅੰਕ-8
ਸੰਪਾਦਕ
ਰਸ਼ਪਿੰਦਰ ਕੌਰ ਗਿੱਲ

ਕੇਰਲਾ ਸੂਬੇ ਨਾਲ ਇਸ ਸੰਗਠਨ ਦਾ ਸੰਬੰਧ ਜੁੜਿਆ ਹੋਇਆ ਸੀ ਅਤੇ ਇੰਡੀਅਨ ਹੁਕਰਮਾਨਾਂ ਦੇ ਵੀ ਇਸ ਸੰਗਠਨ ਨਾਲ ਅੱਛੇ ਸੰਬੰਧ ਸਨ। ਜੇਕਰ ਸਿੱਖਾਂ ਨੂੰ ਇਰਾਕ ਵਿੱਚੋਂ ਨਹੀਂ ਛੁਡਾਇਆ ਗਿਆ ਅਤੇ ਕਤਲ ਹੋਣ ਤੋਂ ਨਾ ਬਚਾਇਆ ਗਿਆ। ਇਸ ਵਿੱਚ ਮੋਦੀ ਹਕੂਮਤ ਅਤੇ ਉਸ ਸਮੇਂ ਦੀ ਵਿਦੇਸ਼ ਵਜੀਰ ਮਰਹੂਮ ਸੁਸ਼ਮਾ ਸਵਰਾਜ ਵੀ ਦੋਸ਼ੀ ਸਨ। ਜਿਨ੍ਹਾਂ ਨੇ ਆਪਣੇ ਇੰਡੀਅਨ ਨਾਗਰਿਕਾਂ ਦੀ ਜਿੰਦਗੀ ਬਚਾਉਣ ਲਈ ਕੋਈ ਅਮਲ ਨਾ ਕੀਤਾ। ਹੁਣ ਕੌਮਾਂਤਰੀ ਪੱਧਰ ਤੇ ਅਤੇ ਇੰਡੀਆ ਪੱਧਰ ਤੇ ਹੋ ਰਹੀਆਂ ਵੱਡੀਆਂ ਸਮਾਜਿਕ, ਰਾਜਨੀਤਿਕ ਤਬਦੀਲੀਆਂ ਇਸ ਗੱਲ ਦੀ ਮੰਗ ਕਰਦੀਆਂ ਹਨ ਕਿ ਇੰਡੀਅਨ ਹੁਕਮਰਾਨਾਂ ਨੇ ਮੰਦਭਾਵਨਾ ਅਤੇ ਸਿੱਖ ਵਿਰੋਧੀ ਸੋਚ ਦੀ ਬਦੌਲਤ ਜੋ ਵੱਡੀ ਗਿਣਤੀ ਵਿੱਚ ਸਿੱਖਾਂ ਨੂੰ ਜ਼ਬਰੀ ਕਾਲ-ਕੋਠੜੀਆ ਵਿੱਚ 30-30 ਸਾਲਾਂ ਤੋਂ ਬੰਦੀ ਬਣਾ ਕੇ ਰੱਖਿਆ ਹੋਇਆ ਹੈ। ਉਨ੍ਹਾਂ ਨੂੰ

ਫੌਰੀ ਰਿਹਾਅ ਕਰਕੇ ਸਰਬੱਤ ਦਾ ਭਲਾ ਲੋੜਨ ਵਾਲੀ ਸਿੱਖ ਕੌਮ ਨਾਲ ਲੰਮੇ ਸਮੇਂ ਤੋਂ ਹੋ ਰਹੀ ਹਕੂਮਤੀ ਬੇਇਨਸਾਫ਼ੀ ਤੇ ਜ਼ਬਰ ਨੂੰ ਬੰਦ ਕੀਤਾ ਜਾਵੇ ਅਤੇ ਸਮੁੱਚੇ ਇੰਡੀਆ ਦੇ ਮਾਹੌਲ ਵਿੱਚ ਜੋ ਬਹੁਗਿਣਤੀ ਤੇ ਘੱਟ ਗਿਣਤੀ ਕੌਮਾਂ ਵਿੱਚ ਬਣਾਉਟੀ ਤੌਰ ਤੇ ਅਮਲ ਕਰਦੇ ਹੋਏ ਨਫਰਤ ਪੈਦਾ ਕੀਤੀ ਜਾ ਰਹੀ ਹੈ, ਉਸਦਾ ਵੀ ਅੰਤ ਕੀਤਾ ਜਾਵੇ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਇੰਡੀਆ ਦੇ ਸਮੁੱਚੇ ਵਿਸਫੋਟਕ ਬਣਦੇ ਜਾ ਰਹੇ ਹਾਲਾਤਾਂ ਨੂੰ ਸਹੀ ਕਰਨ ਹਿੱਤ ਹੁਕਮਰਾਨ 90% ਕੁਰਬਾਨੀਆਂ ਤੇ ਸ਼ਹਾਦਤਾਂ ਦੇਣ ਵਾਲੀ ਸਿੱਖ ਕੌਮ ਨਾਲ ਹੋ ਰਹੀਆਂ ਵਧੀਕੀਆਂ ਤੇ ਬੇਇਨਸਾਫ਼ੀਆ ਨੂੰ ਖਤਮ ਕਰਨ ਹਿੱਤ ਸਮੁੱਚੇ ਬੰਦੀਆਂ ਦੀ ਰਿਹਾਈ ਵਿਸਾਲਤਾ ਨਾਲ ਕਰ ਦੇਣਗੇ।

ਹਿੰਦੂਤਵ ਸਟੇਟ ਪਾਕਿਸਤਾਨ ਵਿਖੇ ਸਿੱਖ ਗੁਰੂਧਾਮਾਂ ਦੀ ਯਾਤਰਾ ਲਈ ਵਾਰ-ਵਾਰ ਰੁਕਾਵਟਾਂ ਕਿਉਂ ਖੜ੍ਹੀਆਂ ਕਰ ਰਿਹਾ ਹੈ?-ਮਾਨ

ਫ਼ਤਹਿਗੜ੍ਹ ਸਾਹਿਬ, 30 ਅਕਤੂਬਰ 2025- "ਜਦੋਂ ਕੌਮਾਂਤਰੀ ਕਾਨੂੰਨ, ਨਿਯਮ ਅਤੇ ਇੰਡੀਅਨ ਵਿਧਾਨ ਦੇ ਕਾਨੂੰਨ ਤੇ ਨਿਯਮ ਹਰ ਵਰਗ, ਫਿਰਕੇ, ਕੌਮ ਨਾਲ ਸੰਬੰਧਤ ਨਿਵਾਸੀਆਂ ਨੂੰ ਪੂਰਨ ਰੂਪ ਵਿੱਚ ਆਪਣੀ ਧਾਰਮਿਕ ਆਜਾਦੀ ਦਾ ਆਨੰਦ ਮਾਨਣ ਅਤੇ ਆਪਣੇ ਧਰਮ ਵਿੱਚ ਸ਼ਰਧਾ ਤੇ ਵਿਸ਼ਵਾਸ ਪ੍ਰਗਟ ਕਰਨ ਦੀ ਪੂਰਨ ਖੁੱਲ੍ਹ ਦਿੰਦੇ ਹਨ ਤਾਂ ਹਿੰਦੂਤਵ ਫਿਰਕੂ ਸਟੇਟ ਦੇ ਹੁਕਮਰਾਨ ਸਿੱਖ ਕੌਮ ਦੇ ਪਾਕਿਸਤਾਨ ਵਿੱਚ ਸਥਿਤ ਗੁਰੂਧਾਮਾਂ ਦੀ ਯਾਤਰਾ ਉੱਤੇ ਜਾਣ ਲਈ 'ਕਦੀ ਚਿੜੀਓ ਮਰ ਜਾਓ, ਕਦੇ ਜੀ ਪਵੋ' ਦੀ ਮਨੁੱਖਤਾ ਵਿਰੋਧੀ ਨੀਤੀ ਅਧੀਨ ਇਹ ਯਾਤਰਾਵਾ ਤੇ ਜਾਣ ਲਈ ਪਾਬੰਦੀਆਂ ਲਗਾ ਦਿੰਦੇ ਹਨ ਅਤੇ ਕਦੀ ਖੋਲ੍ਹ ਦਿੰਦੇ ਹਨ। ਕੀ ਅਜਿਹਾ ਅਮਲ ਕਰਕੇ ਸਾਡੇ ਧਾਰਮਿਕ ਆਜਾਦੀ ਦੇ ਮਿਲੇ ਹੱਕ ਉੱਤੇ ਹੁਕਮਰਾਨ ਡਾਕਾ ਮਾਰ ਕੇ ਸਿੱਖ ਕੌਮ ਨਾਲ ਨਿਰੰਤਰ ਵਿਤਕਰੇ ਤੇ ਬੇਇਨਸਾਫ਼ੀ ਨਹੀਂ ਕਰਦੇ ਆ ਰਹੇ? ਅਜਿਹਾ ਅਮਲ ਸਿੱਖ ਕੌਮ ਨਾਲ ਹੀ ਕਰਨਾ ਪ੍ਰਤੱਖ ਕਰਦਾ ਹੈ ਕਿ ਹੁਕਮਰਾਨ ਸੌੜੀ ਮੰਦਭਾਵਨਾ ਅਧੀਨ ਸਾਡੀਆਂ ਯਾਤਰਾਵਾਂ ਵਿੱਚ ਰੁਕਾਵਟਾਂ ਖੜ੍ਹੀਆਂ ਕਰਕੇ ਸਿੱਖ ਕੌਮ ਨੂੰ ਨਮੋਸ਼ੀ ਵੱਲ ਧਕੇਲਣ ਦੇ ਦੁੱਖਦਾਇਕ ਅਮਲ ਕਰਕੇ ਇੰਡੀਆ ਦੇ ਸਮਾਜਿਕ ਮਾਹੌਲ ਨੂੰ ਖੁਦ ਹੀ ਵਿਸਫੋਟਕ ਬਣਾ ਰਹੇ ਹਨ। ਜਿਸਦੇ ਨਤੀਜੇ ਕਦਾਚਿਤ ਇੱਥੋਂ ਦੇ ਜਮਹੂਰੀਅਤ ਅਤੇ ਅਮਨਪੱਖੀ ਨਹੀਂ ਹੋ ਸਕਣਗੇ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸਾਡੇ ਵੱਡੀ ਗਿਣਤੀ ਵਿੱਚ ਪਾਕਿਸਤਾਨ ਸਥਿਤ ਇਤਿਹਾਸਿਕ ਗੁਰਧਾਮਾਂ ਦੇ ਵੱਖ-ਵੱਖ ਸਮਿਆਂ ਤੇ ਸ਼ਰਧਾ ਪੂਰਵਕ ਜਾਣ ਵਾਲੀਆਂ ਯਾਤਰਾਵਾਂ ਤੇ ਸਿੱਖਾਂ ਵੱਲੋਂ ਆਪਣੇ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਦੀ ਭਾਵਨਾ ਨੂੰ ਕੁੱਚਲਦੇ ਹੋਏ ਰੁਕਾਵਟਾਂ ਪਾਉਣ ਦੀਆਂ ਕਾਰਵਾਈਆਂ ਨੂੰ ਫਿਰਕੂ ਕਰਾਰ ਦਿੰਦੇ ਹੋਏ ਅਤੇ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਜਦੋਂ ਸਾਡੀ ਬੋਲੀ, ਰਿਤੀ ਰਿਵਾਜ, ਕਲਾਕ੍ਰਿਤਾ, ਸੱਭਿਆਚਾਰ, ਵਿਰਸੇ-ਵਿਰਾਸਤ ਸਭ ਇੱਕ ਹੈ ਅਤੇ ਪੁਰਾਤਨ ਸਮੇਂ ਤੋਂ ਹੀ ਇੱਕ ਗੂੜ੍ਹੀ ਸਾਂਝ ਹੈ। ਫਿਰ ਹੁਕਮਰਾਨ ਕੇਵਲ ਸਿੱਖ ਕੌਮ ਪ੍ਰਤੀ ਅਜਿਹੀਆਂ ਯਾਤਰਾਵਾਂ ਪ੍ਰਤੀ ਅਜਿਹਾ ਰੁੱਖ ਅਪਣਾ ਕੇ ਇੱਥੋਂ ਦੇ ਨਿਵਾਸੀਆਂ ਤੇ ਸਮਾਜ ਨੂੰ ਕੀ ਸੰਦੇਸ਼ ਦੇਣਾ ਚਾਹੁੰਦੇ ਹਨ? ਉਨ੍ਹਾਂ ਕਿਹਾ ਕਿ 1947 ਵਿੱਚ ਜਦੋਂ ਮੁਲਕ ਦੀ ਵੰਡ ਹੋਈ ਤਾਂ ਅੰਗਰੇਜ਼ਾਂ ਨੇ ਸਿੱਖ ਕੌਮ ਨੂੰ ਆਜਾਦ ਵੱਖਰਾ ਸਟੇਟ ਪ੍ਰਦਾਨ ਨਾ ਕਰਕੇ ਪਹਿਲੇ ਬੇਈਮਾਨੀ ਕੀਤੀ, ਉਪਰੰਤ ਜੋ ਹਿੰਦੂ ਆਗੂਆਂ ਨਹਿਰੂ, ਗਾਂਧੀ, ਪਟੇਲ ਆਦਿ ਨੇ ਆਜਾਦੀ ਮਿਲਣ ਤੋਂ ਪਹਿਲੇ ਇੱਕ ਵੱਡੇ ਇੱਕਠ ਵਿੱਚ ਸਿੱਖ ਕੌਮ ਨਾਲ ਇਹ ਬਚਨ ਤੇ ਵਾਅਦਾ ਕੀਤਾ ਸੀ ਕਿ ਆਜਾਦੀ ਉਪਰੰਤ ਸਿੱਖ ਕੌਮ ਨੂੰ ਉੱਤਰੀ ਭਾਰਤ ਵਿੱਚ ਇੱਕ ਅਜਿਹਾ ਆਜਾਦ ਖਿੱਤਾ ਦਿੱਤਾ ਜਾਵੇਗਾ, ਜਿਸ ਵਿੱਚ ਸਿੱਖ ਆਪਣੀਆਂ ਧਾਰਮਿਕ ਰਹੁਰੀਤੀਆਂ ਅਨੁਸਾਰ ਆਜਾਦੀ ਨਾਲ ਵਿਚਰ ਸਕਣਗੇ। ਉਸ ਬਚਨ ਤੋਂ ਮੁਨਕਰ ਹੋ ਕੇ ਫਿਰ ਇੰਨ੍ਹਾਂ

ਹੁਕਮਰਾਨਾਂ ਨੇ ਸਿੱਖ ਕੌਮ ਨਾਲ ਵੱਡੀ ਬੇਈਮਾਨੀ ਕੀਤੀ ਅਤੇ ਅੱਜ ਸਾਡੇ ਗੁਰਧਾਮਾਂ ਦੀ ਇਤਿਹਾਸਿਕ ਸਮਿਆਂ ਤੇ ਯਾਤਰਾਵਾਂ ਉੱਤੇ ਪਾਬੰਦੀਆਂ ਲਗਾ ਕੇ ਅਤੇ ਕਦੀ ਖੋਲ੍ਹ ਕੇ ਸਾਡੀ ਧਾਰਮਿਕ ਆਜਾਦੀ ਵਿੱਚ ਸਿੱਧੀ ਦਖਲ ਅੰਦਾਜੀ ਕਰਕੇ ਸਿੱਖ ਕੌਮ ਵਿੱਚ ਵੱਡੀ ਬੇਚੈਨੀ ਉਤਪੰਨ ਕਰ ਰਹੇ ਹਨ। ਜਿਸ ਨੂੰ ਨਾ ਤਾਂ ਵਿਧਾਨਿਕ ਤੌਰ ਤੇ ਅਤੇ ਨਾ ਹੀ ਸਮਾਜਿਕ ਤੇ ਧਾਰਮਿਕ ਤੌਰ ਤੇ ਕਦਾਚਿਤ ਸਹੀ ਕਰਾਰ ਨਹੀਂ ਦਿੱਤਾ ਜਾ ਸਕਦਾ। ਸ. ਮਾਨ ਨੇ ਆਪਣੇ ਵਿਧਾਨਿਕ ਹੱਕਾਂ ਦੀ ਗੱਲ ਕਰਦੇ ਹੋਏ ਕਿਹਾ ਕਿ ਅਜਿਹੀਆਂ ਪਾਬੰਦੀਆਂ ਦੇ ਅਮਲ ਨੂੰ ਖਤਮ ਕਰਕੇ ਅਜਿਹਾ ਪ੍ਰਬੰਧ ਹੋਣਾ ਚਾਹੀਦਾ ਹੈ ਕਿ ਜਦੋਂ ਵੀ ਸਿੱਖ ਵਿਅਕਤੀਗਤ ਤੌਰ ਤੇ ਜਾਂ ਸਮੂਹਿਕ ਰੂਪ ਵਿੱਚ ਪਾਕਿਸਤਾਨ ਸਥਿਤ ਆਪਣੇ ਗੁਰਧਾਮਾਂ ਦੀ ਯਾਤਰਾ ਕਰਨ ਦੀ ਇੱਛਾ ਪ੍ਰਗਟਾਉਣ ਤਾਂ ਹਿੰਦੂਤਵ ਹੁਕਮਰਾਨਾਂ ਨੂੰ ਬਿਨ੍ਹਾਂ ਕਿਸੇ ਝਿਜਕ ਅਤੇ ਵਿਤਕਰੇ ਤੋਂ ਇਹ ਪ੍ਰਵਾਨਗੀ ਦੇ ਕੇ ਵਿਧਾਨਿਕ, ਧਾਰਮਿਕ ਆਜਾਦੀ ਨੂੰ ਅਮਲੀ ਰੂਪ ਦੇਣਾ ਬਣਦਾ ਹੈ। ਨਾ ਕਿ ਵਾਰ-ਵਾਰ ਜਲੀਲ ਤੇ ਬੇਚੈਨੀ ਪੈਦਾ ਕਰਕੇ।

ਸੰਘਰਸ਼ ਕਰਨ ਵਾਲੇ ਮੁਸਲਿਮ ਆਗੂਆਂ ਉੱਤੇ ਮਨਘੜਤ ਦੋਸ਼ ਲਗਾ ਕੇ ਨਿਸ਼ਾਨਾ ਬਣਾਉਣਾ ਅਸਹਿ: ਮਾਨ

ਫ਼ਤਹਿਗੜ੍ਹ ਸਾਹਿਬ-31 ਅਕਤੂਬਰ 2025- "ਜੋ ਹੁਕਮਰਾਨਾਂ ਵੱਲੋਂ ਮੁਸਲਿਮ ਆਗੂ ਉਮਰ ਖਾਲਿਦ, ਸਰਜੀਲ ਇਮਾਮ ਅਤੇ ਹੋਰਾਂ ਵੱਲੋਂ ਜਦੋਂ ਆਪਣੇ ਚੱਲਦੇ ਕੇਸਾਂ ਦੀਆਂ ਸੁਪਰੀਮ ਕੋਰਟ ਵਿੱਚ ਜ਼ਮਾਨਤਾਂ ਲਗਵਾਈਆਂ ਗਈਆਂ ਤਾਂ ਹਿੰਦੂਤਵ ਹੁਕਮਰਾਨਾਂ ਅਤੇ ਦਿੱਲੀ ਪੁਲਿਸ ਵੱਲੋਂ ਮਨਘੜਤ ਕਹਾਣੀਆਂ ਬਣਾ ਕੇ ਉਨ੍ਹਾਂ ਵੱਲੋਂ ਇੰਡੀਆ ਵਿਰੁੱਧ ਸਾਜਿਸ਼ਾਂ ਰਚਣ ਦੀ ਗੱਲ ਕਰਕੇ ਉਨ੍ਹਾਂ ਦੀ ਅਗਲੇਰੀ ਜਮਾਨਤੀ ਕਾਰਵਾਈ ਨੂੰ ਰੋਕਣ ਦੇ ਅਮਲ ਕੇਵਲ ਤੇ ਕੇਵਲ ਘੱਟ ਗਿਣਤੀ ਵਿਰੋਧੀ ਅਮਲਾਂ ਨੂੰ ਹੀ ਪ੍ਰਤੱਖ ਕਰਦੇ ਹਨ। ਜਦੋਂਕਿ ਅਜਿਹੇ ਆਗੂ ਭਾਵੇਂ ਉਹ ਮੁਸਲਿਮ ਹੋਣ, ਭਾਵੇਂ ਸਿੱਖ, ਭਾਵੇਂ ਹੋਰ ਘੱਟ ਗਿਣਤੀ ਕੌਮਾਂ ਨਾਲ ਸੰਬੰਧਤ ਉਹ ਆਪਣੇ ਖੋਹੇ ਗਏ ਵਿਧਾਨਿਕ ਹੱਕਾਂ ਦੀ ਬਹਾਲੀ ਲਈ ਅਤੇ ਆਪਣੇ ਮਾਣ-ਸਨਮਾਨ ਨੂੰ ਕਾਇਮ ਰੱਖਣ ਲਈ ਜੱਦੋ-ਜਹਿਦ ਕਰਦੇ ਹਨ ਉਨ੍ਹਾਂ ਨੂੰ ਹੁਕਮਰਾਨਾਂ ਵੱਲੋਂ ਸੰਗੀਨ ਜੁਰਮਾਂ ਵਿੱਚ ਉਲਝਾਉਣਾ ਜਾਂ ਮਨਘੜਤ ਕਹਾਣੀਆਂ ਵਿੱਚ ਉਲਝਾ ਕੇ ਝੂਠੇ ਕੇਸ ਨੂੰ ਅੱਗੇ ਵਧਾਉਣ ਦੇ ਅਮਲ ਕੇਵਲ ਵੱਡਾ ਵਿਤਕਰਾ ਤੇ ਬੇਇਨਸਾਫ਼ੀ ਵਾਲੇ ਹੀ ਨਹੀਂ ਹਨ। ਅਜਿਹੇ ਅਸਹਿ ਹਨ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਇੱਥੇ ਵੱਸਣ ਵਾਲੀਆਂ ਘੱਟ ਗਿਣਤੀ ਕੌਮਾਂ ਜੋ ਆਪਣੀ ਆਜਾਦੀ ਜਾਂ ਆਪਣੇ ਹੱਕਾਂ ਦੀ ਬਹਾਲੀ ਲਈ ਸੰਘਰਸ਼ ਕਰਦੇ ਨਜ਼ਰ ਆਉਂਦੇ ਹਨ ਉਨ੍ਹਾਂ ਤੇ ਮਨਘੜਤ ਕਹਾਣੀਆਂ ਰਾਹੀਂ ਪੁਲਿਸ ਤੇ ਹੁਕਮਰਾਨਾਂ ਵੱਲੋਂ ਕੇਸ ਜਾਂ ਕਾਰਵਾਈ ਨੂੰ ਗੁੰਝਲਦਾਰ ਬਣਾ ਕੇ ਨਿਸ਼ਾਨਾ ਬਣਾਉਣ ਦੀਆਂ ਕਾਰਵਾਈਆਂ ਦਾ ਸਖਤ ਨੋਟਿਸ ਲੈਂਦੇ ਹੋਏ ਤੇ ਘੱਟ ਗਿਣਤੀ ਕੌਮਾਂ ਨੂੰ ਬਿਨ੍ਹਾਂ ਵਜਹ ਬਦਨਾਮ ਕਰਨ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਜਦੋਂ ਦਿੱਲੀ ਵਿੱਚ ਇੱਕ ਬਹੁਮੱਤ ਵਾਲੀ ਸਥਿਰ ਸਰਕਾਰ ਹੈ ਅਤੇ ਮਜਬੂਤੀ ਵਾਲੀਆਂ ਫੋਰਸਾਂ ਹਨ, ਫਿਰ ਇਹ ਰੋਸ ਧਰਨੇ ਕਰਨ ਵਾਲੀਆਂ ਘੱਟ ਗਿਣਤੀ ਕੌਮਾਂ ਹਕੂਮਤ ਨੂੰ ਬਦਲਣ ਦੀ ਗੱਲ ਕਿਵੇਂ ਕਰ ਸਕਦੇ ਹਨ? ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਜਿਹੀ ਸੁਣਵਾਈ ਕਰਨ ਵਾਲੇ ਜੱਜਾਂ ਨੂੰ ਇਹ ਮਸ਼ਵਰਾ ਦੇਣਾ ਚਾਹੇਗਾ ਕਿ ਅਜਿਹੀਆਂ ਮਨਘੜਤ ਰਿਪੋਰਟਾਂ ਪੇਸ਼ ਕਰਨ ਵਾਲੀ ਅਫਸਰਸ਼ਾਹੀ ਤੇ ਨੋਟਿਸ ਲੈਣ ਤਾਂ ਕਿ ਘੱਟ ਗਿਣਤੀ ਕੌਮਾਂ ਵਿੱਚ ਡਰ-ਸਹਿਮ ਕਤਈ ਪੈਦਾ ਨਾ ਹੋ ਸਕੇ। ਉਨ੍ਹਾਂ ਕਿਹਾ ਇਸੇ ਤਰ੍ਹਾਂ ਸਿੱਖਾਂ ਨੂੰ ਵੀ ਅੱਤਵਾਦੀ, ਗਰਮਦਲੀਏ, ਸ਼ਰਾਰਤੀ ਅਨਸਰ, ਵੱਖਵਾਦੀ ਆਦਿ ਨਾਮ ਦੇ ਕੇ ਆਪਣੇ ਹੱਕ ਹਕੂਕਾਂ ਲਈ ਲੜਨ ਤੋਂ ਰੋਕਣ ਦੇ ਗੈਰ ਕਾਨੂੰਨੀ ਅਮਲ ਹੋ ਰਹੇ ਹਨ ਜਦੋਂਕਿ ਸਿੱਖ ਵੀ ਇਹ ਮਹਿਸੂਸ ਕਰ ਚੁੱਕੇ ਹਨ ਕਿ ਹਕੂਮਤੀ ਵਿਤਕਰੇ ਤੇ ਜਿਆਦਤੀਆਂ ਦੀ ਬਦੌਲਤ ਸਿੱਖ ਲੰਮਾਂ ਸਮਾਂ ਇਸ ਸਟੇਟ ਨਾਲ ਨਹੀਂ ਵਿਚਰ ਸਕਣਗੇ। ਇੱਥੋਂ ਤੱਕ ਕਿ ਇੱਥੋਂ ਦੀ ਫ਼ੌਜ ਵੱਡੇ ਹਾਲਾਤਾਂ ਵਿੱਚ ਵੀ ਆਪਣੀਆਂ ਬੈਰਕਾਂ ਵਿੱਚੋਂ ਨਿਕਲ ਕੇ ਜਿੰਮੇਵਾਰੀ ਪੂਰੀ ਨਹੀਂ ਕਰਦੀਆਂ ਜਦੋਂਕਿ

ਬਹੁਗਿਣਤੀ ਹਿੰਦੂ ਸਾਜਸੀ ਢੰਗਾਂ ਰਾਹੀਂ ਜ਼ਬਰ ਕਰਦੇ ਹਨ। ਅਜੇ ਤੱਕ ਸਿੱਖਾਂ ਦੇ ਜ਼ਬਰ ਦੀ ਪਾਰਲੀਮੈਂਟ ਵਿੱਚ ਉਸੇ ਤਰਕ ਤੇ ਮੁਆਫ਼ੀ ਵੀ ਨਹੀਂ ਮੰਗੀ ਗਈ ਜਿਵੇਂ ਕਿ ਦੂਜੇ ਵਿਸ਼ਵ ਯੁੱਧ ਸਮੇਂ ਜਰਮਨੀਆ ਦੇ ਬੁਡਸਟੈਗ ਦੇ ਰਾਹੀਂ ਜਾਲਮ ਨਾਜੀ ਜਰਮਨੀਆ ਅਤੇ ਜਪਾਨੀ ਪਾਰਲੀਮੈਂਟ ਵਿੱਚ ਮੁਆਫ਼ੀ ਮੰਗੀ ਗਈ ਸੀ। ਇਹ ਵੀ ਇੱਕ ਸ਼ਰਮਨਾਕ ਕਾਰਵਾਈ ਹੈ ਕਿ ਹੁਕਮਰਾਨ ਅੱਜ ਵੀ ਸਾਨੂੰ ਸਿੱਖ ਕੌਮ ਨੂੰ ਇੰਡੀਅਨ ਕਹਿ ਕੇ ਬੁਲਾਉਂਦੇ ਹਨ। ਜਦੋਂ ਪ੍ਰੈਜੀਡੈਂਟ ਟਰੰਪ ਨੇ ਦਿੱਲੀ ਆਉਣਾ ਸੀ ਉਸ ਸਮੇਂ ਵੀ ਘੱਟ ਗਿਣਤੀ ਕੌਮਾਂ ਨੂੰ ਨਿਸ਼ਾਨਾਂ ਬਣਾਇਆ ਗਿਆ ਸੀ। ਜੋ ਕਿ ਇੰਨ੍ਹਾਂ ਦੀ ਮੰਦਭਾਵਨਾ ਸੀ। ਬੀਤੇ ਸਮੇਂ ਵਿੱਚ ਜਦੋਂ ਪ੍ਰੈਜੀਡੈਂਟ ਕਲਿਟਨ 2000 ਵਿੱਚ ਇੰਡੀਆ ਆਏ ਸਨ। ਉਸ ਸਮੇਂ ਸ੍ਰੀ ਵਾਜਪਾਈ ਤੇ ਅਡਵਾਨੀ ਵੱਲੋਂ ਇੰਡੀਅਨ ਫੌਜ ਰਾਹੀਂ 43 ਨਿਰਦੋਸ਼ ਸਿੱਖਾਂ ਦਾ ਚਿੱਠੀਸਿੰਘਪੁਰਾ ਵਿਖੇ ਕਤਲੇਆਮ ਕਰਵਾ ਦਿੱਤਾ ਗਿਆ ਸੀ। ਜਿਸਦੀ ਅੱਜ ਤੱਕ ਨਾ ਜਾਂਚ ਹੋਈ ਹੈ ਨਾ ਹੀ ਸਾਨੂੰ ਇਨਸਾਫ਼ ਦਿੱਤਾ ਗਿਆ।

ਸਿੱਖ ਕੌਮ ਅਤੇ ਘੱਟ ਗਿਣਤੀਆਂ ਨੂੰ ਇੰਡੀਆ ਵਿੱਚ ਇਨਸਾਫ਼ ਨਹੀਂ ਮਿਲ ਸਕਦਾ, ਆਜਾਦ ਸਿੱਖ ਸਟੇਟ ਅਤਿ ਜਰੂਰੀ: ਮਾਨ

ਫ਼ਤਹਿਗੜ੍ਹ ਸਾਹਿਬ-31 ਅਕਤੂਬਰ- "ਇੰਡੀਆ ਦੇ ਹੁਕਮਰਾਨਾਂ, ਅਦਾਲਤਾਂ ਅਫਸਰਸ਼ਾਹੀ ਤੇ ਨਿਜਾਮ ਵਿੱਚ ਲੰਮੇ ਸਮੇਂ ਤੋਂ ਉਤਪੰਨ ਹੋ ਚੁੱਕੀਆਂ ਵੱਡੀਆਂ ਖਾਮੀਆਂ ਵੱਧਦੀ ਰਿਸ਼ਵਤਖੋਰੀ ਦੀ ਬਦੌਲਤ ਇੱਥੇ ਵੱਸਣ ਵਾਲੀ ਸਿੱਖ ਕੌਮ ਤੇ ਹੋਰ ਘੱਟ ਗਿਣਤੀ ਕੌਮਾਂ ਨੂੰ ਕਤਈ ਵੀ ਇਨਸਾਫ਼ ਨਹੀਂ ਮਿਲ ਸਕਦਾ। ਇਸ ਲਈ ਪੰਜਾਬੀਆਂ ਤੇ ਸਿੱਖ ਕੌਮ ਲਈ ਇਹ ਜਰੂਰੀ ਹੈ ਕਿ ਉਹ ਇਨਸਾਫ਼ ਪਸੰਦ ਪ੍ਰਬੰਧ ਕਾਇਮ ਕਰਨ ਹਿੱਤ ਆਜਾਦ ਸਿੱਖ ਸਟੇਟ ਨੂੰ ਹੋਂਦ ਵਿੱਚ ਲਿਆਉਣਾ ਉਨ੍ਹਾਂ ਦੀ ਵੱਡੀ ਜਿੰਮੇਵਾਰੀ ਹੈ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਇੰਡੀਆ ਦੇ ਨਿਜਾਮੀ ਅਤੇ ਅਦਾਲਤੀ ਪ੍ਰਬੰਧ ਵਿੱਚ ਰਿਸ਼ਵਤਖੋਰੀ ਦੀ ਬਦੌਲਤ ਪੈਦਾ ਹੋ ਚੁੱਕੀਆਂ ਵੱਡੀਆਂ ਖਾਮੀਆਂ ਅਤੇ ਘੱਟ ਗਿਣਤੀ ਕੌਮਾਂ ਨੂੰ ਇੱਥੇ ਕਦੀ ਵੀ ਇਨਸਾਫ਼ ਨਾ ਮਿਲਣ ਦੀ ਗੱਲ ਕਰਦੇ ਹੋਏ, ਪੰਜਾਬੀਆਂ ਤੇ ਸਿੱਖ ਕੌਮ ਨੂੰ ਹਰ ਕੀਮਤ ਤੇ ਇੱਕ ਆਜਾਦ ਸਿੱਖ ਸਟੇਟ ਕਾਇਮ ਕਰਨ ਲਈ ਤੱਤਪਰ ਰਹਿਣ ਦਾ ਹੋਕਾ ਦਿੰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਜੋ ਘੱਟ ਗਿਣਤੀ ਕੌਮਾਂ ਨਾਲ ਹੁਕਮਰਾਨ ਤੇ ਅਦਾਲਤਾਂ ਵਿਤਕਰੇ ਤੇ ਬੇਇਨਸਾਫ਼ੀਆ ਕਰਦੇ ਆ ਰਹੇ ਹਨ ਉਸਦੀ ਪ੍ਰਤੱਖ ਮਿਸਾਲ ਹੈ ਕਿ ਬਾਬਰੀ ਮਸਜਿਦ ਜੋ ਮੁਸਲਿਮ ਕੌਮ ਦਾ ਸਰਬਉੱਚ ਧਾਰਮਿਕ ਸਥਾਨ ਹੈ, ਉਸਦਾ ਫੈਸਲਾ ਕਰਦੇ ਹੋਏ ਮੁੱਖ ਜੱਜ ਸੁਪਰੀਮ ਕੋਰਟ ਜਸਟਿਸ ਗੰਗੋਈ ਨੇ ਪੱਖਪਾਤੀ ਫੈਸਲਾ ਕਰਕੇ ਉੱਥੇ ਮੰਦਰ ਬਣਾਉਣ ਦੀ ਗੱਲ ਕਰਕੇ ਮੁਸਲਿਮ ਕੌਮ ਦੀ ਆਵਾਜ ਦਾ ਗਲਾ ਘੁੱਟਿਆ। ਜਿਸਦੀ ਬਦੌਲਤ ਇਵਜਾਨੇ ਵੱਜੋਂ ਜਸਟਿਸ ਗੰਗੋਈ ਨੂੰ ਰਿਟਾਇਰਮੈਂਟ ਉਪਰੰਤ 6 ਸਾਲ ਲਈ ਰਾਜ ਸਭਾ ਮੈਂਬਰ ਰਿਸ਼ਵਤ ਵੱਜੋ ਬਣਾਇਆ ਗਿਆ। ਇਸ ਗੱਲ ਦੀ ਵੱਡੀ ਸ਼ੰਕਾ ਉਭਰਕੇ ਸਾਹਮਣੇ ਆਉਂਦੀ ਹੈ ਕਿ ਜੋ ਹਿਮਾਚਲ ਦੇ ਸ਼ਿਮਲਾ ਵਿੱਚ ਸੰਜੋਲੀ ਮਜਸਿਦ ਦਾ ਉੱਥੋਂ ਦੇ ਐਡੀਸ਼ਨਲ ਜ਼ਿਲ੍ਹਾ ਸੈਸ਼ਨ ਜੱਜ ਯਾਜੁਵਿੰਦਰ ਸਿੰਘ ਨੇ ਵੀ ਕੁਝ ਅਜਿਹਾ ਤਾਂ ਨਹੀਂ ਕੀਤਾ ਜਿਸ ਨਾਲ ਮੁਸਲਿਮ ਕੌਮ ਨਾਲ ਹੋਰ ਵੱਡੀ ਬੇਇਨਸਾਫੀ ਹੋ ਜਾਵੇ ਅਤੇ ਇਹ ਹੁਕਮਰਾਨ ਤੇ ਬਹੁਗਿਣਤੀ ਜੱਜ ਨੂੰ ਉਪਰੋਕਤ ਜਸਟਿਸ ਗੰਗੋਈ ਦੀ ਤਰ੍ਹਾਂ ਸਥਿਤੀ ਸੰਭਾਲ ਲਵੇ। ਇਸ ਗੱਲ ਦੀ ਨਿਰੱਪਖਤਾ ਨਾਲ ਜਾਂਚ ਵੀ ਹੋਣੀ ਚਾਹੀਦੀ ਹੈ ਅਤੇ ਮੁਸਲਿਮ ਕੌਮ ਦੀ ਮਸਜਿਦ ਸੰਬੰਧੀ ਮਸਲੇ ਦਾ ਸਹੀ ਢੰਗ ਨਾਲ ਦਲੀਲ ਸਹਿਤ ਫੈਸਲਾ ਹੋਣਾ ਬਣਦਾ ਹੈ ਨਾ ਕਿ ਸਾਜਸੀ ਢੰਗ ਨਾਲ ਪੱਖਪਾਤੀ ਫੈਸਲਾ ਹੋਣਾ ਚਾਹੀਦਾ ਹੈ।

ਮੈਗਜ਼ੀਨ
ਬਾਗ਼ੀ
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
ਅਕਤੂਬਰ 2025
ਅੰਕ-8
ਸੰਪਾਦਕ
ਰਸ਼ਪਿੰਦਰ ਕੌਰ ਗਿੱਲ

ਜਦੋਂ ਫ਼ੌਜੀ ਬੰਕਰ ਜੰਗਲਾਂ ਦਾ ਰੂਪ ਧਾਰ ਚੁੱਕੇ ਹਨ ਫਿਰ ਫੌਜੀ ਤਿਆਰੀ ਦਾ ਕੀ ਮਕਸਦ ਰਹਿ ਜਾਂਦਾ ਹੈ?: ਮਾਨ

ਫ਼ਤਹਿਗੜ੍ਹ ਸਾਹਿਬ-31 ਅਕਤੂਬਰ 2025- "ਸਰਹੱਦੀ ਇਲਾਕੇ ਦੇ ਵਿੱਚ ਜੋ ਫ਼ੌਜ ਦੀ ਰੱਖਿਆ ਲਈ ਬੰਕਰ ਬਣੇ ਹੋਏ ਹਨ, ਉਨ੍ਹਾਂ ਵਿੱਚ ਲੰਮੇ-ਲੰਮੇ ਘਾਹ-ਬੂਟੀਆਂ, ਸੱਪ, ਬਿੱਛੂ ਪੈਦਾ ਹੋ ਚੁੱਕੇ ਹਨ। ਜਦੋਂਕਿ ਦੂਸਰੇ ਪਾਸੇ ਹੁਕਮਰਾਨ ਆਪਣੀ ਫ਼ੌਜੀ ਤਿਆਰੀਆਂ ਤੇ ਆਪ੍ਰੇਸ਼ਨ ਸਿੰਧੂਰ ਦੀਆਂ ਗੱਲਾਂ ਕਰਕੇ ਫ਼ੌਜ ਦੀ ਤਿਆਰੀ ਦੇ ਦਾਅਵੇ ਕਰ ਰਹੇ ਹਨ। ਜਦੋਂ ਫ਼ੌਜੀ ਤਿਆਰੀ ਦੀ ਕੰਮਜੋਰ ਤਸਵੀਰ ਪ੍ਰਤੱਖ ਹੈ ਫਿਰ ਹੁਕਮਰਾਨ ਅਜਿਹੇ ਗੁੰਮਰਾਹਕੁੰਨ ਪ੍ਰਚਾਰ ਕਰਕੇ ਆਪਣੇ ਆਪ ਨੂੰ ਜਾਂ ਆਪਣੀ ਫ਼ੌਜੀ ਤਾਕਤ ਨੂੰ ਬਿਹਤਰ ਸਾਬਤ ਕਿਵੇਂ ਕਰ ਸਕਦੇ ਹਨ?" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਬੀਤੇ ਕੱਲ੍ਹ ਸਰਹੱਦੀ ਇਲਾਕਿਆਂ ਦੇ ਦੌਰੇ ਉਪਰੰਤ ਇੱਥੋਂ ਦੀ ਪ੍ਰੈਸ ਨੂੰ ਹੁਕਮਰਾਨਾਂ ਦੀ ਫ਼ੌਜ ਦੀ ਤਿਆਰੀ ਸੰਬੰਧੀ ਕੀਤੇ ਜਾ ਰਹੇ ਖੋਖਲੇ ਦਾਅਵਿਆਂ ਦੀ ਪੋਲ ਖੋਲਦੇ ਹੋਏ ਅਤੇ ਅਜਿਹੇ ਬੰਕਰਾਂ ਨੂੰ ਬੀ.ਐਸ.ਐਫ ਤੇ ਫ਼ੌਜ ਦੁਆਰਾ ਤੁਰੰਤ ਸਾਫ ਕਰਨ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਅਸੀਂ ਤਾਂ ਹਰ ਤਰ੍ਹਾਂ ਦੀ ਜੰਗ ਦੇ ਵਿਰੁੱਧ ਹਾਂ। ਕਿਉਂਕਿ ਇਸ ਨਾਲ ਅਜਾਈਂ ਮਨੁੱਖਤਾ ਦਾ ਖੂਨ ਵਹਿੰਦਾ ਹੈ ਅਤੇ ਨਫਰਤ ਵੱਧਦੀ ਹੈ। ਲੇਕਿਨ ਜੇਕਰ ਹੁਕਮਰਾਨ ਜੰਗ ਲੜਾਈ ਦੀਆਂ ਗੱਲਾਂ ਕਰਦੇ ਹਨ ਤਾਂ ਉਸ ਪੱਧਰ ਦੀ ਮਜਬੂਤ ਤਿਆਰੀ ਵੀ ਹੋਣੀ ਚਾਹੀਦੀ ਹੈ ਨਾ ਕਿ ਹਵਾ ਵਿੱਚ ਤਲਵਾਰਾਂ ਮਾਰ ਕੇ ਆਪਣੀ ਫ਼ੌਜੀ ਤਾਕਤ ਦਾ ਵਿਖਾਵਾ ਕਰਨਾ ਬਣਦਾ ਹੈ। ਉਨ੍ਹਾਂ ਕਿਹਾ ਕਿ ਅਗਨੀਵੀਰ ਸਿਪਾਹੀਆਂ ਦੀ ਜੋ 4 ਸਾਲਾਂ ਲਈ ਭਰਤੀ ਕੀਤੀ ਜਾ ਰਹੀ ਹੈ, ਇਸ ਥੋੜੇ ਸਮੇਂ ਦੌਰਾਨ ਤਾਂ ਫ਼ੌਜ ਦਾ ਕੋਈ ਵੀ ਸਿਪਾਹੀ ਪੂਰਨ ਰੂਪ ਵਿੱਚ ਟ੍ਰੇਨਿੰਗ ਨਹੀਂ ਪ੍ਰਾਪਤ ਕਰ ਸਕਦਾ। ਕਿਉਂਕਿ ਟ੍ਰੇਨਿੰਗ ਪ੍ਰਾਪਤ ਕਰਦੇ ਸਮੇਂ ਮੈਦਾਨੀ, ਪਹਾੜੀ, ਸਮੁੰਦਰੀ, ਰੇਤਲੀ ਅਤੇ ਜੰਗਲੀ ਇਲਾਕੇ ਦੀ ਵੱਖੋ-ਵੱਖਰੇ ਤੌਰ ਤੇ ਟ੍ਰੇਨਿੰਗ ਹੁੰਦੀ ਹੈ ਜਿਸ ਨੂੰ ਸਾਲਾਂ ਬੱਦੀ ਸਮਾਂ ਲੱਗਦਾ ਹੈ। ਉਨ੍ਹਾਂ ਦੂਜੀ ਸੰਸਾਰ ਜੰਗ ਦੀ ਗੱਲ ਕਰਦੇ ਹੋਏ ਕਿਹਾ ਕਿ ਫ਼ਰਾਂਸ ਇਸ ਜੰਗ ਵਿੱਚ ਇਸ ਲਈ ਹਾਰ ਗਿਆ ਸੀ ਕਿ ਉਨ੍ਹਾਂ ਦੀ ਫ਼ੌਜ ਦੀ ਟ੍ਰੇਨਿੰਗ ਹੀ ਨਹੀਂ ਸੀ। ਇਸ ਲਈ ਹੁਕਮਰਾਨਾਂ ਤੇ ਫ਼ੌਜੀ ਅਧਿਕਾਰੀਆਂ ਨੂੰ ਹਵਾ ਵਿੱਚ ਗੱਲਾਂ ਕਰਨ ਦੀ ਬਜਾਇ ਅਮਲੀ ਰੂਪ ਵਿੱਚ ਫ਼ੌਜੀਆਂ ਟ੍ਰੇਨਿੰਗ ਦੇਣ ਅਤੇ ਆਧੁਨਿਕ ਜੰਗੀ ਸਮਾਨ ਦੀ ਨਵੀਂ ਖਰੀਦ ਕਰਨ ਅਤੇ ਆਪਣੇ ਜੰਗਲ ਰੂਪੀ ਬਣੇ ਬੰਕਰਾਂ ਦੀ ਸਫਾਈ ਕਰਨ ਦੀ ਅੱਜ ਸਖਤ ਲੋੜ ਹੈ। ਤਦ ਹੀ ਇਹ ਫ਼ੌਜ ਕਿਸੇ ਤਰ੍ਹਾਂ ਦੀ ਜੰਗ ਦੇ ਸਮਰੱਥ ਬਣ ਸਕੇਗੀ।

ਮੈਗਜ਼ੀਨ
ਬਾਗ਼ੀ
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
ਅਕਤੂਬਰ 2025
ਅੰਕ-8

ਸੰਪਾਦਕ
ਰਸ਼ਪਿੰਦਰ ਕੌਰ ਗਿੱਲ

ਬਰਾਬਰਤਾ ਦੇ ਹੱਕ ਦੀ ਉਲੰਘਣਾ ਕਰਕੇ ਸਿੱਖਾਂ ਉੱਤੇ ਪਾਬੰਦੀਆਂ ਲਗਾਉਣਾ ਤਾਂ ਵੱਡਾ ਵਿਤਕਰਾ ਅਤੇ ਜ਼ਬਰ ਹੈ: ਮਾਨ

ਪੰਜਾਬ ਵਿਚ ਬੀ.ਐਸ.ਐਫ ਦੀਆਂ 50 ਕੰਪਨੀਆਂ ਲਗਾਉਣ ਦਾ ਸੰਕੇਤ ਪੰਜਾਬ ਨੂੰ ਫਿਰ ਤੋਂ ਦੁਖਾਂਤ ਵਿੱਚ ਧਕੇਲਣ ਦੀ ਸਾਜਿਸ਼: ਮਾਨ

ਆਰ.ਐਸ.ਐਸ ਵੱਲੋਂ ਆਪਣਾ 100 ਸਾਲਾਂ ਸਮਾਗਮ ਮਨਾਉਂਦੇ ਹੋਏ ਪ੍ਰਾਪਤੀਆਂ ਦਾ ਇਜ਼ਹਾਰ ਕੀਤਾ ਜਾ ਰਿਹਾ ਹੈ, ਜਦੋਂਕਿ ਹੁਕਮਰਾਨਾਂ ਨੇ ਸਿੱਖ ਕੌਮ ਨੂੰ ਕਦੀ ਵੀ ਇਨਸਾਫ਼ ਨਹੀਂ ਦਿੱਤਾ: ਮਾਨ

ਮੈਗਜ਼ੀਨ
ਬਾਗ਼ੀ
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
ਅਕਤੂਬਰ 2025
ਅੰਕ-8

ਸੰਪਾਦਕ
ਰਸ਼ਪਿੰਦਰ ਕੌਰ ਗਿੱਲ



ਸਭ ਧਰਮਾਂ ਦੇ ਨਿਵਾਸੀਆਂ ਨੂੰ ਆਪਣੇ ਗੁਰੂਆਂ, ਪੀਰਾਂ, ਫਕੀਰਾਂ ਦੇ ਨਾਅਰੇ ਲਗਾਉਣ ਤੇ ਸਲੋਗਨ ਲਿਖਣ ਦਾ ਵਿਧਾਨਿਕ ਧਾਰਮਿਕ ਅਧਿਕਾਰ: ਮਾਨ

ਇੰਡੀਅਨ ਖਿਡਾਰੀਆਂ ਵੱਲੋਂ ਪਾਕਿਸਤਾਨ ਖਿਡਾਰੀਆ ਨਾਲ ਹੱਥ ਨਾ ਮਿਲ ਕੇ ਨਫਰਤ ਉਜਾਗਰ ਕਰਨਾ ਅਤਿ ਦੁੱਖਦਾਇਕ: ਮਾਨ

ਸਿੱਖ ਵੱਸੋਂ ਵਾਲੇ ਇਲਾਕਿਆਂ ਨੂੰ ਯੂ.ਐਨ.ਉ ਤੁਰੰਤ ਨੋ ਫਲਾਈ ਜੋਨ ਐਲਾਨ ਕਰਕੇ ਸਿੱਖਾਂ ਦੀ ਹਰ ਪੱਖੋ ਹਿਫਾਜਤ ਦੀ ਜਿੰਮੇਵਾਰੀ ਨਿਭਾਏ: ਮਾਨ

ਮੈਗਜ਼ੀਨ
ਬਾਗ਼ੀ
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
ਅਕਤੂਬਰ 2025
ਅੰਕ-8

ਸੰਪਾਦਕ
ਰਸ਼ਪਿੰਦਰ ਕੌਰ ਗਿੱਲ

ਹਰਿਆਣਾ ਦੇ ਏ.ਡੀ.ਜੀ.ਪੀ ਸ੍ਰੀ ਪੂਰਨ ਕੁਮਾਰ ਵੱਲੋਂ ਕੀਤੀ ਖੁਦਕਸ਼ੀ ਦੀ ਉੱਚ ਪੱਧਰੀ ਜਾਂਚ ਹੋਵੇ, ਦੋਸ਼ੀ ਭਾਂਵੇ ਕਿੰਨੇ ਵੀ ਉੱਚ ਅਹੁੱਦੇ ਤੇ ਕਿਉਂ ਨਾ ਹੋਵੇ ਕਾਨੂੰਨ ਅਨਸਾਰ ਸਜ਼ਾ ਮਿਲੇ: ਮਾਨ

ਖ਼ਾਲਿਸਤਾਨ ਵਰਗੇ ਪਵਿੱਤਰ ਨਾਮ ਦੀ ਵਿਰੋਧਤਾ ਕਰਨ ਵਾਲੇ ਕਾਂਗਰਸੀ ਹੀ ਮੁਲਕ ਤੇ ਪੰਜਾਬ ਸੂਬੇ ਦੇ ਹਾਲਾਤ ਵਿਗਾੜਨ ਲਈ ਦੋਸ਼ੀ: ਮਾਨ

ਬੀ.ਜੇ.ਪੀ-ਆਰ.ਐਸ.ਐਸ ਦੇ ਹੁਕਮਰਾਨਾਂ ਦਾ ਦੋਹਰਾ ਚੇਹਰਾ ਕੌਮਾਂਤਰੀ ਪੱਧਰ ਤੇ ਪ੍ਰਤੱਖ ਰੂਪ ਵਿੱਚ ਸਾਹਮਣੇ ਆ ਚੁੱਕਾ ਹੈ: ਮਾਨ

ਬਾਰ਼ੀ ਮੈਗਜ਼ੀਨ

ਅਕਤੂਬਰ 2025/ ਅੰਕ-8 ਮੁੱਲ-50 Rs. ਸੰਪਾਦਕ-ਰਸ਼ਪਿੰਦਰ ਕੌਰ ਗਿੱਲ

www.akalidalamritsar.in